
ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ AMRITSAR

ਮੀਰ ਮੰਨੂੰ ਵਲੋਂ

## ਸਿੰਘਾਂ ਨੂੰ ਦਿਤੇ ਜਾ ਰਹੇ ਤਸੀਹਿਆਂ ਦਾ ਖ਼ੂਨੀ ਦ੍ਰਿਸ਼



ਇਸ ਨਖਾਸ ਚੌਕ ਵਿਖੇ ਮਸੀਤ ਦੀ ਥਾਂ ਗੁਰਦਵਾਰਾ ਸ਼ਹੀਦ ਗੰਜ ਲਾਹੌਰ ਬਣਿਆ।

ਅਕਤੂਬਰ ੧੯੮੦

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ

| | | |
|---|---|---|
| ਕਿਆ ਮਦਿ ਛੂਛੈ ਭਾਉ ਧਰੇ | ਆਸਾ ਮਹਲਾ ੧ | ੩ |
| ਖਾਲਸਾ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੪ |
| ਅੰਮ੍ਰਿਤ ਦੀ ਦਾਤ (ਕਵਿਤਾ) | ਭਾਈ ਸੁਖਦੇਵ ਸਿੰਘ ਜੀ ਖਾਲਸਾ | ੬ |
| ਹਉਮੈ ਦੀਰਘ ਰੋਗੁ ਹੈ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੭ |
| ਮਨਮੁਖ ਮੈਲੇ ਮਲੁ ਭਰੇ | ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ੧੧ |
| ਗ਼ੈਰ-ਸਿੱਖਾਂ ਵਲੋਂ "ਸਿੱਖੀ" ਬਾਰੇ ਉਚਰੇ ਬਚਨ | ਸ: ਸਰੂਪ ਸਿੰਘ ਜੀ ਅਲਗ | ੧੩ |
| ਕੀ ਪੰਜ ਕਕਾਰ ਜ਼ਰੂਰੀ ਹਨ ? | ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ | ੧੭ |
| "ਤਮਾਕੂ" ਬਜਰ ਕੁਰਹਿਤ ਕਿਉਂ ? | ਸਰਦਾਰ ਕੁੰਭੇਰ ਸਿੰਘ ਜੀ | ੧੮ |
| ਪਾਗ ਚੁਨੈ ਕਰ ਬਾਂਧਈ | ਪ੍ਰੋਫ਼ੈਸਰ ਹਰਬੰਸ ਸਿੰਘ ਜੀ | ੨੧ |
| ਸਿਖ ਨੂੰ ਵੰਗਾਰ (ਕਵਿਤਾ) | ਸ: ਸਰੂਪ ਸਿੰਘ ਜੀ 'ਦਰਵੇਸ਼' | ੨੫ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੨੫) | ਕੈਪਟਨ ਸਵਰਨ ਸਿੰਘ ਜੀ | ੨੬ |
| ਸੁਆਮੀ ਦਯਾਨੰਦ ਜੀ ਦਾ ਦਿਤਾ ਵਚਨ | ਪ੍ਰੋਫ਼ੈਸਰ ਪ੍ਰਕਾਸ਼ ਸਿੰਘ ਜੀ | ੩੪ |
| ਪੂਜਾ ਦਾ ਧਾਨ | ਜੇ. ਪੀ. ਸੰਗਤ ਸਿੰਘ ਜੀ | ੩੭ |
| ਬਾਬਾ ਪਰੋਜ਼ | ਪ੍ਰੋਫ਼ੈਸਰ ਠਾਕਰ ਸਿੰਘ ਜੀ | ੩੯ |
| ਰਖਿਆ ਮੰਤ੍ਰੀ ਭਾਰਤ ਸਰਕਾਰ ਵਲ ਪੱਤਰ | ਜਥੇਦਾਰ, ਅਖੰਡ ਕੀਰਤਨੀ ਜਥਾ | ੪੦ |
| ਸਿਖ ਰਹਿਤ ਮਰਯਾਦਾ | ਸੰਪਾਦਕ | ੪੨ |
| ਹਰਿਆਣੇ ਵਿਚ ਪੰਜਾਬੀ ਪੜ੍ਹਾਈ ਦੀ ਸਮੱਸਿਆ | ਸ: ਮਨਮੋਹਨ ਸਿੰਘ ਜੀ ਬਬਿਆਲ | ੪੪ |
| ਹਰਿਦੁਆਰ ਵਿਖੇ ਗੁਰ-ਅਸਥਾਨ ਦੀ ਸੰਭਾਲ | ਸ: ਗੁਰਦਿਆਲ ਸਿੰਘ ਜੀ ਗਾਰਡ | ੪੬ |

| | |
|---|---|
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੩ ਅਕਤੂਬਰ |
| ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ | ੨੫ ਅਕਤੂਬਰ |

## 'ਸੂਰਾ ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | |
|---|---|
| ਗੁਰੂ ਗੋਬਿੰਦ ਸਿੰਘ ਕੋਲਡ ਸਟੋਰੇਜ, ਨਕੋਦਰ ਵਲੋਂ ... ... ... | ੫-੨੦ |
| ਸਾਰਜੈਂਟ ਤੇਜਿੰਦਰ ਸਿੰਘ ਬੱਗਾ ਹੈਦਰਾਬਾਦ ਵਲੋਂ ਬੱਚੇ ਦੀ ਨੌਕਰੀ ਲਗਣ ਦੀ ਖੁਸ਼ੀ ਵਿਚ | ੨੧-੦੦ |
| ਸ: ਰਤਨ ਸਿੰਘ ਸਲੂਜਾ ਬਰੇਲੀ ਵਲੋਂ ਸਪੁਤਰ ਗਿਆਨ ਸਿੰਘ ਦੀ ਆਤਮਕ ਸ਼ਾਂਤੀ ਲਈ | ੧੧-੦੦ |
| ਸ: ਮਸਤਾ ਸਿੰਘ ਜੀ ਡਰਬੀ ਯੂ. ਕੇ. ਵਲੋਂ ... ... ... | ੬੩੧-੦੫ |
| ਸ: ਇੰਦਰਜੀਤ ਸਿੰਘ ਜੀ ਮਾਨ, ਮਸਕਟ ਵਲੋਂ ... ... ... | ੩੦-੦੦ |

ਸਤਿਗੁਰੂ ਸੱਚੇ ਪਾਤਸ਼ਾਹ ਸਭ ਵੀਰਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਬਖਸ਼ਣ।

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧੦.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ : 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਅਕਤੂਬਰ ੧੯੮੦ ਅੰਕ ੧੦


## ਕਿਆ ਮਦਿ ਛੂਛੈ ਭਾਉ ਧਰੇ

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨ, ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ, ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥

[ਆਸਾ ਮਹਲਾ ੧, ਪੰਨਾ ੩੬੦




www.AKJ.Org

# ਖਾਲਸਾ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

'ਖਾਲਸਾ' "ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ" ਵਾਲੇ ਨਿਰੋਲ (ਨਖਾਲਸ) ਜੋਤਿ-ਪ੍ਰਕਾਸ਼ੀ ਆਤਮ-ਵਿਗਾਸ ਦੇ ਘਟ-ਅੰਤਰੀ ਚਲੂਲੇ ਰੰਗਾਂ ਵਿਚ ਖੇਡਦਾ ਹੈ। "ਪੂਰਨ ਜੋਤਿ ਜਗੈ ਘਟ ਮੈ" ਦੇ ਜਗਮਗੀ ਰੰਗਾਂ ਵਾਲਾ ਹੀ ਖਾਲਸਾ ਹੈ, "ਪ੍ਰੇਮ ਭਗਤਿ ਜਿਹਿ ਜ਼ਾਨੀ" ਵਾਲੀ ਬਿਵਸਥਾ ਵਾਲਾ ਹੀ ਖਾਲਸਾ ਹੈ ਅਤੇ ਇਸ ਪ੍ਰੇਮ ਭਗਤਿ ਰਹਿਤ-ਰਹਿਣੀਆਂ ਤੇ ਬਿਬੇਕ-ਕਰਨੀਆਂ ਵਾਲਾ ਹੀ ਖਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਸੰਬੰਧੀ ਰਹਿਤ-ਰਹਿਣੀਆਂ ਦੇ ਕਮਾਵਣਹਾਰਾ ਹੀ ਖਾਲਸਾ ਹੈ। ਇਸ ਬਿਬੇਕ ਕਮਾਈ ਨੂੰ ਪਰਮ ਨੇਮ ਸੰਯੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ ਕਮਾਈ ਨੂੰ ਪ੍ਰੇਮ-ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖਾਲਸਾ ਹੈ। ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖਾਲਸਾ ਜਨ ਭੀ ਖਾਲਸਾ-ਬਿਬੇਕ-ਕਮਾਈ ਦੇ ਧਨੀ ਹਨ। ਪੂਰਨ ਗਿਆਨ ਬਿਵਸਥਾ ਅੰਦਰ ਭੀ ਨਾਮ-ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ—

ਗਿਆਨੀਆਂ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥੧੦॥ [ਸਿਰੀਰਾਗੁ ਮ: ੩, ਪੰਨਾ ੬੮

ਤਥਾ— ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥

(ਬਿਲਾਵਲ ਮ: ੫, ੮੦੬

ਨਾਮ ਬਿਬੇਕ ਕਰਣੀ ਰਹਿਤ-ਰਹਿਣੀ ਦਾ ਬਿਨਾਸ ਕਿਸੈ ਬਿਵਸਥਾ ਅੰਦਰ ਭੀ ਨਹੀਂ। ਇਸ ਰਹਿਤ-ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਦਾ ਕਮਾਲ ਕੇਵਲ ਗੁਰੂ ਘਰ ਵਿਖੇ ਹੀ ਹੈ, ਹੋਰ ਕਿਤੇ ਨਹੀਂ। ਭਿਖਾ ਭਟ ਜੋ ਬ੍ਰਹਮਾ ਦਾ ਅਵਤਾਰ ਕਿਹਾ ਜਾਂਦਾ ਹੈ, ਏਸੇ ਕਮਾਲ ਦੀ ਕਸੌਟੀ ਨੂੰ ਲੈ ਕੇ ਜਦੋਂ ਸਾਚੇ ਸੰਤ ਦੀ ਟੋਲ ਲਈ, ਗੁਰੂ-ਸੰਤ ਦੀ ਸਿਕ ਭਰੀ ਖੋਜ ਲਈ ਚਾਰ ਚੁਫੇਰੇ ਭੰਨਾ ਫਿਰਿਆ, ਤਦ ਸਮੂਹ ਇਤਰ ਮਤਾਂ ਵਿਚੋਂ ਕਿਸੇ ਉਪਰ ਵੀ ਉਸ ਦਾ ਮੰਨ ਨਾ ਮੰਨਿਆ ; ਓੜਕ ਗੁਰੂ ਘਰ ਵਿਖੇ ਆ ਕੇ ਉਸ ਨੂੰ ਪਤੀਜ ਆਈ, ਜੈਸੇ ਕਿ ਉਸ ਦੀ ਗੁਰ-ਗਿਆਨ ਅਨਭਵੀ ਰਚਨਾ ਸਾਖਾ ਭਰਦੀ ਹੈ—

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥

[ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫-੯੬

ਏਸੇ ਕਮਾਲ ਕਰਨੀ ਵਾਲੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਸਨਮੁਖ ਰਖਦੇ ਹੋਏ ਹੀ "ਗੁਰਸਿਖ ਮੀਤ ਚਲਹੁ ਗੁਰ ਚਾਲੀ" ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖਾਲਸਾ ਜੀ ਗੁਰ-ਦਰਸਾਈ, ਗੁਰ-ਫੁਰਮਾਈ, ਗੁਰ-ਦ੍ਰਿੜ੍ਹਾਈ ਰਹਿਤ-ਰਹਿਣੀ ਨੂੰ ਮਨੋਂ ਤਨੋਂ ਕਮਾਉਂਦੇ ਹਨ ਅਤੇ ਤਿਨ੍ਹਾਂ ਪ੍ਰਥਾਏ ਹੀ ਰਹਿਤਨਾਮੇ ਵਿਚ ਅੰਕਤ ਗੁਰ-ਅਸੀਸ-ਮਈ ਫੁਰਮਾਨ ਹੈ—

ਰਹਿਣੀ ਰਹੈ ਸੋਈ ਸਿਖ ਮੇਰਾ ॥ ਓਹ ਸਾਹਿਬ ਮੈ ਉਸ ਕਾ ਚੇਰਾ ॥



www.AKJ.Org

ਧੰਨ ਗੁਰੂ ਦਸਮੇਸ਼ ਪਿਤਾ ! ਆਪਣੇ ਆਗਿਆਕਾਰੀ ਰਹਿਤਵਾਨ ਸਿਖਾਂ ਨੂੰ ਕਿਡੀ ਵਡਿਆਈ ਦਿੰਦੇ ਹਨ । ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ ਅਤੇ ਇਸ ਰਹਿਤ ਸੇਤੀ ਸੀਗਾਰੇ ਸਿੰਘ ਸਜੀਲੇ ਨੂੰ ਹੈ। ਪਰ ਰਹਿਤਨਾਮਿਆਂ ਵਿਚ ਜਿਤਨੇ ਭੀ ਗੁਰਬਾਣੀ ਅਨਕੂਲ ਹੁਕਮ ਹਨ, ਸੋ ਸਭ ਸ੍ਰੀ ਦਸਮੇਸ਼ ਜੀ ਦੀ ਆਗਿਆ ਅਤੇ ਆਸ਼ੇ ਅਨਕੂਲ ਖਾਲਸਾ ਜੀ ਦੀ ਬਿਬੇਕ ਕਮਾਈ ਲਈ ਹਨ, ਜਿਨ੍ਹਾਂ ਦੇ ਉਪਰ ਚਲਣਾ ਹਰੇਕ ਸਿੰਘ ਸੁਚਿਆਰ ਦਾ ਧਰਮ-ਭਾਵੀ ਫਰਜ਼ ਹੈ। ਗੁਰੂ ਕਾ ਖਾਲਸਾ ਸਿੰਘ ਬਿਬੇਕੀ ਸੋ, ਜੋ ਗੁਰੂ ਕੀ ਰਹਿਤ ਭਾਵਨਾ ਕਮਾਈ ਵਿਚ ਸਨਮੁਖੀ ਸੂਰਾ ਅਤੇ ਗੁਰਮਤਿ ਬਿਬੇਕ ਆਗਿਆ ਵਿਚ ਹਾਜ਼ਰਾ ਹਜ਼ੂਰਾ। ਭਾਵੇਂ ਕਿਤਨੀਆਂ ਭੀ ਕਠਨਤਾਈਆਂ ਬਿਖਮਤਾਈਆਂ ਪੇਸ਼ ਆਵਣ, ਪਰੰਤੂ ਗੁਰੂ ਦਾ ਸੁਚਿਆਰ ਬਿਬੇਕੀ ਸਿੰਘ ਗੁਰ ਆਸਰੇ, ਗੁਰੂ ਦ੍ਰਿੜ੍ਹਾਈ ਰਹਿਤ-ਰਹਿਣੀ ਰਹੇਗਾ, ਪਰ ਰਹੇਗਾ। ਇਹੋ ਰਹਿਤ-ਰਹਿਣੀ ਰਹਿਣਾ, ਗੁਰ-ਹੁਕਮਾਂ ਉਪਰ ਚਲਣਾ, ਗੁਰ-ਬਚਨਾਂ ਨੂੰ ਕਮਾਵਣਾ ਸਦਾ ਬਿਬੇਕ, ਗੁਰਮਤਿ ਗਿਆਨ-ਬਿਬੇਕ ਹੈ।

ਕਰਨੀਓਂ ਥੋਥਾ ਗਿਆਨ ਬਿਬੇਕ, ਰਹਿਤ-ਰਹਿਣੀਓਂ ਊਰਾ, ਗਿਆਨ ਬਿਬੇਕ ਗੁਰਮਤਿ ਅੰਦਰ ਪਰਵਾਣ ਨਹੀਂ। ਨਿਰੀ ਕਥਨੀ ਦੁਆਰਾ ਗਿਆਨ ਗਿਆਨ ਕੂਕਣਾ ਅਤੇ ਰਹਿਤ ਨਾ ਰਖਣਾ (ਭਾਵ, ਗੁਰਮਤਿ ਹੁਕਮ, ਗੁਰੂ ਕੇ ਬਚਨਾਂ ਉਪਰ ਤਤਪਰ ਰਹਿ ਕੇ ਉਨ੍ਹਾਂ ਨੂੰ ਨਾ ਕਮਾਵਣਾ) ਇਹ ਮਨਮੁਖਤਾਈ ਦੇ ਲੱਛਣ ਕੁਲੱਛਣ ਹਨ। ਯਥਾ ਗੁਰਵਾਕ—

ਗਿਆਨੁ ਗਿਆਨੁ ਕਥੈ ਸਭ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥ ੨ ॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ [ਬਿਲਾਵਲ ਅਸਟ: ਮ: ੧, ੮੩੧

ਤਥਾ— ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥੮॥੫॥
[ਸਿਰੀਰਾਗੁ ਮ: ੧ ਅਸਟ:, ਪੰਨਾ ੫੬

ਰਹਿਣੀ-ਰਹਿਤੋਂ ਭਾਵ ਕੇਵਲ ਪੰਜ ਕਕਾਰ ਦੀ ਰਹਿਤ ਰਖਣ ਤੋਂ ਨਹੀਂ। ਕਿੰਤੂ ਅੰਮ੍ਰਿਤ ਛਕਣ ਦੇ ਸਮੇਂ ਦ੍ਰਿੜ੍ਹਾਏ ਗੁਰਮਤਿ ਅਸੂਲ-ਮਈ ਹੁਕਮਾਂ ਤੋਂ ਲੈ ਕੇ ਜਿਤਨੇ ਭੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਪਵਿਤਰ ਬਾਣੀ ਰੂਪੀ ਬਚਨਾਂ ਦੁਆਰਾ ਅਸਾਡੇ ਪ੍ਰਤੀ ਦ੍ਰਿੜ੍ਹਾਉਂਦੇ ਹਨ ਉਹਨਾਂ ਸਮੂਚੇ ਹੁਕਮਾਂ ਦਾ ਕਮਾਉਣਾ ਅਸਾਡਾ ਰਹਿਤ ਰਖਣਾ ਹੈ, ਅਤੇ ਇਸੇ ਦਾ ਨਾਉਂ ਬਿਬੇਕ ਧਾਰਨਾ ਹੈ। ਇਸ ਧਾਰਨਾ ਦੇ ਕਿਸੇ ਅੰਗ ਨੂੰ ਭੀ ਭੰਗ ਕਰਨਾ ਸਿਖੀ ਸਿਦਕ ਦੇ ਰੰਗ ਵਿਚ ਭੰਗ ਪਾਉਣਾ ਹੈ। ਪਰੰਤੂ ਅੰਮ੍ਰਿਤ ਛਕਣ ਦੇ ਸਮੇਂ ਜੋ ਜੋ ਰਹਿਤ-ਰਹਿਣੀਆਂ ਦ੍ਰਿੜ੍ਹਾਈਆਂ ਜਾਂਦੀਆਂ ਹਨ ਓਹ ਗੁਰਸਿਖੀ ਰੂਪੀ ਨਵੀਨ ਉਗਦੇ ਪੇਡ ਦੀਆਂ ਮੂਲ ਜੜ੍ਹਾਂ ਹਨ। ਜਿਨ੍ਹਾਂ ਦੇ ਜਿਉਂ ਕੇ ਤਿਉਂ ਹਰੇ ਭਰੇ ਅਤੇ ਸੁਰਜੀਤ ਹਰੇ ਰਖੇ ਬਿਨਾਂ, ਗੁਰਸਿਖੀ ਰੂਪੀ ਪੇਡ ਦਾ ਮੌਲਣਾ ਅਤੇ ਫਲਣਾ ਫੁਲਣਾ ਅਤਿ ਅਸੰਭਵ ਹੈ। ਵਡੀਆਂ ਕੁਰਹਿਤਾਂ ਦੇ ਨਿਮਖ ਮਾਤਰ ਭੀ ਨੇੜ ਨ ਜਾਣ ਦਾ ਹੁਕਮ ਜੋ ਅੰਮ੍ਰਿਤ ਛਕਣ ਸਮੇਂ ਮਿਲਦਾ ਹੈ, ਓਸ ਹੁਕਮ ਦੀ ਪਾਬੰਦੀ ਰਖਣਾ ਪਹਿਲਾ ਮੂਲ ਬਿਬੇਕ ਹੈ। ਜਿਸ ਨੂੰ ਧਾਰਨ ਕਰਨਾ ਤੇ ਕਰੀ ਰਖਣਾ ਗੁਰਸਿਖੀ ਤੋਂ ਪਤਿਤ ਹੋਣੋਂ ਸਦਾ ਲਈ ਬਚਾਉਂਦਾ ਹੈ ਅਤੇ ਇਸ ਬਿਬੇਕ ਧਾਰਨਾ ਦੀ ਪਰਵਾਹ ਨ ਰਖਣਾ, ਇਸ ਦੇ ਕਿਸੇ ਇਕ ਅੰਗ ਨੂੰ ਭੀ ਤੋੜਨਾ ਗੁਰਸਿੱਖੀ ਤੋਂ ਪਤਿਤ ਕਰਾਉਂਦਾ ਹੈ। ਪਤਿਤ ਹੋਣਾ ਜੜ੍ਹ ਮੂਲ ਤੋਂ ਉਖੜਨਾ ਹੈ। ਗੁਰਸਿਖੀ ਦੀ ਜੜ੍ਹ ਮੂਲ ਤੋਂ ਉਖੜੇ ਪ੍ਰਾਣੀ ਦੇ ਸਭੇ ਕਰਮ ਨਿਸਫਲ ਹਨ। ਤਾਹੀਂ ਤੇ ਇਸ ਮੂਲ ਬਿਬੇਕ ਦੀ ਧਾਰਨਾ ਦੀ ਰਹਿਤ ਤੋਂ ਕੁਰਹਿਤ ਹੋਣਾ ਪਤਿਤ-ਕਰਮੀ ਬਣਨਾ ਹੈ। ਭਾਵ, ਵਡੀ ਕੁਰਹਿਤ ਕਰਨਾ ਹੈ। ਪੰਚ ਕਕਾਰ ਆਦਿ ਛੋਟੀਆਂ ਰਹਿਤਾਂ ਰਖਣਾ ਅਤੇ ਏਹਨਾਂ ਰਹਿਤਾਂ ਵਿਚੋਂ ਕਿਸੇ ਇਕ ਰਹਿਤ ਤੋਂ ਖਿਨ ਮਾਤਰ ਭੀ ਰਹਿਤ (ਵਾਂਜੇ) ਨਾ ਹੋਣਾ ਦੂਜਾ ਮੂਲ ਬਿਬੇਕ ਹੈ। ਜੋ ਗੁਰਸਿਖ ਏਹਨਾਂ ਸੁਗਮ ਰਹਿਤਾਂ ਨੂੰ ਰਖਣ ਦਾ ਪਾਬੰਦ ਨਹੀਂ ਹੋ ਸਕਿਆ ਓਹ ਪਹਿਲੀ ਸ੍ਰੇਣੀ ਦੇ ਮੂਲ ਬਿਬੇਕ


www.AKJ.Org

ਦੀਆਂ ਬਿਖਮ ਪਾਬੰਦੀਆਂ ਕਦੋਂ ਰਖ ਸਕਿਆ। ਏਹਨਾਂ ਦੋਹਾਂ ਮੂਲ ਬਿਬੇਕ ਰਹਿਣੀਆਂ ਦੀ ਰਹਿਤ ਤੋਂ ਹੀ ਪਰਗਟ ਪਹਾਰੇ ਪਛਾਣ ਸਕੀਦਾ ਹੈ ਕਿ ਸਿਖ ਤਿਆਰ-ਬਰ-ਤਿਆਰ ਹੈ ਕਿ ਨਹੀਂ। ਜੇ ਉਕਤ ਰਹਿਤ-ਰਹਿਣੀ ਅੰਦਰਿ ਤਿਆਰ-ਬਰ-ਤਿਆਰ ਨਹੀਂ, ਅਥਵਾ ਉੱਕਾ ਹੀ ਅੰਨਮਤੀ ਹੈ, ਉਸ ਦਾ ਬਣਾਇਆ ਭੋਜਨ ਨਾ ਖਾਣਾ ਇਹ ਤੀਜਾ ਮੂਲ ਬਿਬੇਕ ਹੈ, ਜਿਸ ਦਾ ਧਾਰਨਾ ਪਰਮ ਜ਼ਰੂਰੀ ਹੈ। ਕਿਉਂਕਿ–

ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਰੀਤ ॥
ਤਾ ਕਾ ਭੋਜਨ ਖਾਇ ਕੈ ਬਿਸਰੇ ਹਰਿ ਕੀ ਪ੍ਰੀਤ ॥

ਵਾਲਾ ਹੁਕਮ ਦਸਦਾ ਹੈ ਕਿ ਜਿਸ ਬਿਬੇਕ ਦੇ ਨਾ ਧਾਰਨ ਕੀਤਿਆਂ (ਭਾਵ ਕੁਰਹਿਤੀਆਂ ਦਾ ਭੋਜਨ ਖਾ ਕੇ) ਹਰਿ ਕੀ ਪ੍ਰੀਤ ਹੀ ਵਿਸਰ ਜਾਂਦੀ ਹੈ ਤਾਂ ਸਿਫਤ ਸਾਲਾਹ ਰੂਪੀ ਸਾਰ-ਬਿਬੇਕ ਵਿਖੇ ਭਲਾ ਕੀ ਤਤਪਰ ਹੋ ਸਕਣਾ ਸੀ। ਉਪਰ ਪ੍ਰਮਾਣਿਆ ਰਹਿਤਨਾਮੇ ਦਾ ਹੁਕਮ ਏਸ ਗੱਲ ਦੀ ਸੋਝੀ ਕਰਾਉਂਦਾ ਹੈ ਕਿ ਕਿਸੇ ਸਿਖ ਦੀ ਰਹਿਤ ਬਹਿਤ ਭਲੀ ਬਿਧ ਜਾਣੇ ਪਛਾਣੇ ਬਗੈਰ ਬਿਬੇਕੀ ਸਿੰਘ ਨੂੰ, ਉਸ ਦੇ ਹਥੋਂ ਲੈ ਕੇ ਭੋਜਨ ਛਕਣਾ, ਅਥਵਾ ਉਸ ਦਾ ਸਜਾਇਆ ਬਣਾਇਆ ਭੋਜਨ ਛਕਣਾ ਯਾ ਉਸ ਦੇ ਨਾਲ ਬਾਟਾ ਅਭੇਦ ਕਰਨਾ ਬਿਬਰਜਤ ਹੈ ਅਤੇ ਇਕ ਸਚਿਆਰ ਸਿੰਘ ਦਾ ਇਸ ਬਿਧ ਬਰਜੇ ਰਹਿਣਾ ਬੜਾ ਉਤਮ ਬਿਬੇਕ ਕਰਮ ਹੈ। ਅੰਮ੍ਰਿਤ ਛਕਣ ਸਮੇਂ ਇਕ ਬਾਟੇ ਵਿਖੇ ਰਲ ਮਿਲ ਕੇ ਅਭੇਦ ਗਫੇ ਲਾਉਣ ਦੀ ਸੁਰੀਤ ਇਸ ਭੇਦ ਨੂੰ ਜਣਾਉਂਦੀ ਹੈ ਅਤੇ ਸੁਲਝਾਉਂਦੀ ਹੈ ਕਿ ਸਾਮਾਨ ਰਹਿਤ-ਰਹਿਣੀ ਦੇ ਧਾਰਨੀ ਅੰਮ੍ਰਿਤ-ਧਾਰੀ ਸਿੰਘ ਸਹੋਦਰ ਸੁਨਹਿਰੀਏ ਵੀਰ ਹੀ ਪ੍ਰਸਪਰ ਨਿਰਸੰਦੇਹ ਖਾਣ ਪਾਣ ਦੀ ਅਭੇਦ ਵਰਤੋਂ ਰਖ ਸਕਦੇ ਹਨ। ਇਹੀ ਬਿਬੇਕ-ਵਰਤੋਂ ਪ੍ਰਾਣਾਂ ਪ੍ਰਯੰਤ ਕਮਾਉਣ ਤੇ ਨਿਬਾਹੁਣ ਦਾ ਧੁਰਵਾ ਏਥੋਂ (ਅੰਮ੍ਰਿਤ ਸਮਾਗਮ) ਤੋਂ ਹੀ ਬਝਦਾ ਹੈ। ਏਥੋਂ ਹੀ ਸਪੱਸ਼ਟ ਤੌਰ ਪਰ ਆਨਮਤੀਆਂ ਨਾਲ ਖਾਣ ਪਾਣ ਨਾ ਰਖਣ ਦਾ ਬਹੁਮੁਲਾ ਹੁਕਮ ਮਿਲਦਾ ਹੈ।

[ਪੁਸਤਕ "ਗੁਰਮਤਿ ਬਿਬੇਕ" ਵਿਚੋਂ

---

# ਅੰਮ੍ਰਿਤ ਦੀ ਦਾਤ

[ਵਲੋਂ—ਭਾਈ ਸੁਖਦੇਵ ਸਿੰਘ ਜੀ ਖਾਲਸਾ, ਵੈਰੋਵਾਲ]

ਅੰਮ੍ਰਿਤ ਦਾਤਿਆ, ਅੰਮ੍ਰਿਤ ਦੀ ਦਾਤ ਦੇ ਕੇ, ਸਾਨੂੰ ਗਿਦੜਾਂ ਤੋਂ ਸ਼ੇਰ ਬਣਾ ਦਿਤਾ।
ਉਸਦਾ ਜੱਗ ਤੇ ਰਿਹਾ ਨਹੀਂ ਕੋਈ ਸਾਕੀ, ਜਿਸ ਨੂੰ ਖੰਡੇ ਦਾ ਅੰਮ੍ਰਿਤ ਛਕਾ ਦਿਤਾ।
ਨਾ ਤੁਸੀਂ ਕਿਸੇ ਦਾ ਜ਼ੁਲਮ ਸਹਾਰਦੇ ਸੀ, ਨਾ ਹੀ ਕਿਸੇ ਤੇ ਜ਼ੁਲਮ ਗੁਜ਼ਾਰਦੇ ਸੀ।
ਵੱਡੇ ਗੁਮਾਨੀਆਂ ਦਾ ਸਿਰ ਭੰਨ ਕੇ ਤੇ, ਦਾਤਾ! ਤੁਸੀਂ ਮਜ਼ਲੂਮਾਂ ਨੂੰ ਪਾਲਦੇ ਸੀ।
ਤੇਰੀ ਦਾਤਿਆ, ਕਿਸੇ ਕੀ ਰੀਸ ਕਰਨੀ, ਬੱਚੇ ਚਾਰੇ ਤੁਸਾਂ ਸ਼ਹੀਦ ਕਰਾ ਦਿਤੇ।
'ਸੀ' ਮੁਖ ਚੋਂ ਦਾਤਾ, ਨਹੀਂ ਤੁਸੀਂ ਕੀਤੀ, ਪਿਤਾ ਆਪਣੇ, ਪੰਥ ਲੇਖੇ ਲਾ ਦਿਤੇ।
ਡੁੱਬਦੀ ਜਾਂਦੀ ਸੀ ਦਾਤਿਆ ਹਿੰਦ ਸਾਰੀ, ਤੁਸੀਂ ਇਸ ਨੂੰ ਬੰਨੇ ਲਗਾ ਦਿਤਾ।
ਤੁਸੀਂ ਦੇ ਕੇ ਅੰਮ੍ਰਿਤ ਦੀ ਦਾਤਿ ਪਿਆਰੀ, ਅਸਾਂ ਗਿਦੜਾਂ ਨੂੰ ਸਿੰਘ ਸਜਾ ਦਿਤਾ।



www.AKJ.Org

# ਹਉਮੈ ਦੀਰਘ ਰੋਗੁ ਹੈ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਹਉਮੈ ਦਾ ਅਰਥ ਹੈ ਹਉਂ ਹਉਂ ਮੈਂ ਮੈਂ। ਆਮ ਬੋਲ ਚਾਲ ਵਿਚ 'ਹਉਮੈ' ਦਾ ਭਾਵ ਹੰਕਾਰ ਹੀ ਸਮਝਿਆ ਜਾਂਦਾ ਹੈ। ਪਰ ਸੂਖਮ ਵਿਸ਼ਲੇਸ਼ਣ ਕੀਤਿਆਂ ਪਤਾ ਲਗਦਾ ਹੈ ਕਿ ਇਹਨਾਂ ਦੋਹਾਂ ਸ਼ਬਦਾਂ ਦੇ ਭਾਵ ਵਖਰੇ ਵਖਰੇ ਹਨ। ਹੰਕਾਰ ਪੰਜ ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚੋਂ ਇਕ ਵਿਕਾਰ ਹੈ, ਪਰ ਹਉਮੈ ਇਹਨਾਂ ਪੰਜਾਂ ਦੀ ਦਾਦੀ-ਮਾਂ ਹੈ, ਜਿਸ ਵਿਚੋਂ ਪੰਜੇ ਪੈਦਾ ਹੁੰਦੇ ਹਨ।

**ਪ੍ਰਸ਼ਨ** :—ਹਉਮੈ ਕੀ ਹੈ ?

**ਉੱਤਰ** :—ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥੨॥੭॥ ਆਸਾ ਕੀ ਵਾਰ, ਪੰਨਾ ੪੬੬

ਹਉਮੈ ਰੋਗੁ ਮਾਨੁਖ ਕਉ ਦੀਨਾ ॥੧॥੭॥੨੦॥ ਭੈਰਉ ਮ: ੫, ਪੰਨਾ ੧੧੪੦

ਹਉਮੈ ਵਿਚ ਸਭੁ ਜਗੁ ਬਉਰਾਨਾ ॥ ਦੂਜੇ ਭਾਇ ਭਰਮਿ ਭੁਲਾਨਾ...॥੧॥੬॥੨੬॥
ਗਉੜੀ ਗੁਆ: ਮ: ੩, ਪੰਨਾ ੧੫੯

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ...॥੧॥੩੧॥੬੪॥
ਸਿਰੀ ਰਾਗੁ ਮ: ੩, ਪੰਨਾ ੩੯

**ਵਿਚਾਰ : (ੳ) ਦੂਜਾ ਭਾਉ—**

ਆਪਣੇ ਆਪ ਨੂੰ ਆਪਣੇ ਰਚਨਹਾਰ ਪਰਮਾਤਮਾ ਤੋਂ ਵਖ ਜਾਣਨਾ "ਦੂਜਾ ਭਾਉ" ਹੈ। ਸਾਡਾ ਆਪਾ (ਆਤਮਾ) ਪਰਮ-ਆਪੇ (ਪਰਮਾਤਮਾ) ਦੀ ਅੰਸ ਹੈ, ਤਾਂ ਹੀ ਗੁਰਬਾਣੀ ਵਿਚ ਬਾਰ ਬਾਰ ਆਪਾ ਚੀਨਣ (ਪਛਾਣਨ) ਉਤੇ ਜ਼ੋਰ ਦਿਤਾ ਗਿਆ ਹੈ। ਪਰ ਅਵਿਦਿਆ ਦੇ ਪ੍ਰਭਾਵ ਕਾਰਨ ਜੀਵ ਨੂੰ ਪਰਮ-ਆਪੇ (ਪਰਮਾਤਮਾ) ਦੀ ਹੋਂਦ ਅਨਭਵ ਨਹੀਂ ਹੁੰਦੀ ਅਤੇ ਇਹ ਆਪਣੇ ਆਪ ਨੂੰ ਇਕ ਅਡਰੀ ਹੋਂਦ ਮੰਨ ਲੈਂਦਾ ਹੈ। ਜੀਵ ਦੀ ਅਜਿਹੀ ਸੋਚਣੀ 'ਦੂਜਾ ਭਾਉ' ਹੈ ਅਤੇ ਹਉਮੈ 'ਦੂਜੇ ਭਾਵ' ਦੀ ਹੀ ਉਪਜ ਹੈ। ਇਸ ਸੋਚਣੀ ਕਾਰਨ ਜੀਵ ਦੀ ਪ੍ਰਮਾਤਮਾ ਨਾਲੋਂ ਵਿਥ ਪੈ ਜਾਂਦੀ ਹੈ । ਇਸ ਵਿਥ ਦੇ ਕਾਰਨ ਪ੍ਰਭੂ ਦੇ ਦਰ ਦੀ ਸੋਝੀ ਨਹੀਂ ਹੋ ਸਕਦੀ।

**(ਅ) ਹਉਮੈ-ਭੀਤ** :—

'ਪਰਮ-ਆਪਾ' ਅਤੇ 'ਆਪਾ' ਆਪਸ ਵਿਚ ਏਵੇਂ ਹੀ ਹਨ ਜਿਵੇਂ ਸੂਰਜ ਅਤੇ ਉਸਦੀਆਂ ਕਿਰਣਾਂ, ਜਿਵੇਂ ਸੋਨਾ ਤੇ ਸੋਨੇ ਦਾ ਗਹਿਣਾ। ਗੁਰਬਾਣੀ ਤੋਂ ਸੋਧ ਮਿਲਦੀ ਹੈ ਕਿ ਜੀਵ-ਆਤਮਾ ਤੇ ਪਰਮਾਤਮਾ ਦਾ ਇਕੋ ਹੀ ਟਿਕਾਣੇ ਤੇ ਨਿਵਾਸ ਹੈ, ਪਰ ਪਰਸਪਰ ਮਿਲਾਪ ਇਸ ਲਈ ਸੰਭਵ ਨਹੀਂ ਕਿਉਂਕਿ ਵਿਚਕਾਰ ਹਉਮੈ ਦਾ ਪੜਦਾ ਹੈ :—

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥੪॥੧॥
ਮਲਾਰ ਮ: ੪, ਪੰਨਾ ੧੨੬੩

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ (੧॥੧੨੨)
ਗਉੜੀ ਮ: ੫, ਪੰਨਾ ੨੦੫



www.AKJ.Org

## (ਏ) ਹਉਮੈ-ਮੈਲੁ–

ਹਉਮੈ ਅਵਿਦਿਆ ਤੋਂ ਉਪਜਦੀ ਹੈ। ਇਹ ਅਵਿਦਿਆ ਭਾਵ ਅਗਿਆਨਤਾ ਦੀ ਮੈਲ ਹੈ, ਜੋ ਅੰਤਸ਼ਕਰਣ ਨੂੰ ਧੁੰਧਲਾ ਕਰ ਦੇਂਦੀ ਹੈ, ਜਿਸ ਕਾਰਨ ਮਨੁੱਖ ਨੂੰ ਇਸ ਵਿਚੋਂ ਆਪਣਾ ਆਪਾ ਨਜ਼ਰ ਨਹੀਂ ਆ ਸਕਦਾ। ਮਨੁੱਖ ਸ਼ੁਦਾਈ ਹੋਇਆ ਫਿਰਦਾ ਹੈ।

## (ਸ) ਹਉਮੈ–ਅਸਾਧ ਰੋਗ–

ਭਾਵੇਂ ਪੜਦੇ ਦੇ ਰੂਪ ਵਿਚ ਹੈ ਜਾਂ ਮੈਲ ਦੇ ਰੂਪ ਵਿਚ, ਹਉਮੈ ਪ੍ਰਭੂ-ਮਿਲਾਪ ਦੇ ਰਾਹ ਵਿਚ ਰੁਕਾਵਟ ਹੈ। ਇਹ ਮੂਲ-ਮੁਢ ਹੈ ਸਾਰੇ ਵਿਕਾਰਾਂ ਦਾ। ਆਪਣੇ ਅਸਲੇ ਨਾਲੋਂ ਵਿਥ ਪੈਣ ਦੀ ਦੇਰ ਹੁੰਦੀ ਹੈ ਕਿ ਜੀਵ ਉਤੇ ਮਾਇਆ ਆਪਣਾ ਕਬਜ਼ਾ ਆ ਜਮਾਂਦੀ ਹੈ। ਮਾਇਆ ਦੇ ਨਾਲ ਹੀ ਇਸ ਦੇ ਪੰਜੇ ਏਜੰਟ ਜੀਵ ਦੇ ਦੁਆਲੇ ਹੋ ਜਾਂਦੇ ਹਨ। ਇਹ ਸਾਰਾ ਪੁਆੜਾ ਹਉਮੈ ਦਾ ਹੈ। ਹਉਮੈ ਇਕ ਰੋਗ ਬਣ ਕੇ ਜੀਵ ਨੂੰ ਚਮੜ ਜਾਂਦਾ ਹੈ, ਜਿਸ ਨਾਲ ਜੀਵਨ ਦੁਖੀ ਹੋ ਜਾਂਦਾ ਹੈ। ਫਿਰ ਇਹ ਰੋਗ ਵੀ ਅਸਾਧ ਹੈ। ਮਨੁਖ ਦੇ ਕੀਤੇ ਕਿਸੇ ਹੀਲੇ ਵਸੀਲੇ ਇਹ ਰੋਗ ਹਟਦਾ ਨਹੀਂ। ਇਹ ਮਾਨੋ ਇਕ ਜਿਲ੍ਹਣ ਹੈ ਜਿਸ ਵਿਚੋਂ ਆਪਣੇ ਬਲ ਬੋਤੇ ਤੇ ਨਿਕਲਣ ਦਾ ਜਿੰਨਾ ਕੋਈ ਜਤਨ ਕਰੇ ਓਨਾ ਵਿਚ ਧਸਦਾ ਜਾਂਦਾ ਹੈ। ਜੀਵਨ ਭਰ ਹਰ ਕੰਮ ਵਿਚ ਇਹ ਹਉਮੈ ਕੰਡੇ ਵਾਂਗ ਜੀਵ ਨੂੰ ਚੋਭ ਦਈ ਰਖਦੀ ਹੈ। ਪਰ ਇਹ ਮਿੱਠਾ ਮਹੁਰਾ ਹੈ। ਹਿਤੂ ਦੇ ਰੂਪ ਵਿਚ ਹਉਮੈ ਜੀਵ ਨਾਲ ਧ੍ਰੋਹ ਕਰਦੀ ਹੈ। ਇਹ ਵਿਸਾਹ ਦੇ ਕੇ ਮਾਰਦੀ ਹੈ, ਜਿਵੇਂ ਹਰੇ ਘਾਹ ਵਿਚ ਜ਼ਹਿਰੀਲਾ ਸੱਪ ਡੰਗ ਮਾਰਦਾ ਹੈ।

ਵਖ ਵਖ ਕਿਸਮ ਦੇ ਜੀਵਾਂ ਦੇ ਵਿਕਾਸ ਦਾ ਕਾਰਨ ਵਖ ਵਖ ਚਸਕੇ ਹਨ। ਹਾਥੀ ਨੂੰ ਸਪੱਰਸ਼ ਦਾ ਚਸਕਾ ਪਰ-ਵਸ ਕਰ ਕੇ ਦੁਖੀ ਕਰਦਾ ਹੈ। ਪਤੰਗਾ ਦ੍ਰਿਸ਼ਟ-ਰੋਗ ਦੇ ਕਾਰਨ ਸੜ ਕੇ ਸੁਆਹ ਹੋ ਜਾਂਦਾ ਹੈ। ਕੰਨ-ਰਸ ਦੇ ਰੋਗ ਵਿਚ ਫਸਿਆ ਹਿਰਨ ਤੀਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਜੀਭ ਦੇ ਚਸਕੇ ਵਿਚ ਫਾਥੀ ਮੱਛੀ ਕੁੰਡੀ ਵਿਚ ਫਸ ਕੇ ਜੀਵਨ ਤੋਂ ਹੀ ਹਥ ਧੋ ਬੈਠਦੀ ਹੈ। ਵਾਸ਼ਨਾ-ਰੋਗ ਦਾ ਗ੍ਰਸਿਆ ਭੌਰਾ ਕਮਲ ਫੁਲ ਵਿਚ ਹੀ ਸੰਪਟ ਹੋ ਕੇ ਮਰ ਮਿਟ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਮਨੁਖ ਨੂੰ ਹਉਮੈ ਦਾ ਅਸਾਧ ਰੋਗ ਚਮੜਿਆ ਹੋਇਆ ਹੈ, ਜਿਸ ਨਾਲ ਉਸ ਨੂੰ ਲੋਕ ਪਰਲੋਕ ਵਿਚ ਖੁਆਰੀ ਹੀ ਪਲੇ ਪੈਂਦੀ ਹੈ।

ਹਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥
ਹਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥੨॥੧੯॥ ਮ: ੩, ਵਡਹੰਸ ਕੀ ਵਾਰ, ਪੰਨਾ ੫੯੨

ਹਉਮੈ ਦੇ ਅਧੀਨ ਕੀਤੇ ਕਰਮ ਜੀਵ ਲਈ ਗਲੇ ਦੀਆਂ ਫਾਹੀਆਂ ਹੋ ਨਿਬੜਦੇ ਹਨ, ਮਾਨੋ ਹੱਥਾਂ ਪੈਰਾਂ ਲਈ ਬੇੜੀਆਂ ਬਣ ਜਾਂਦੇ ਹਨ।

ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥
ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥੩॥੧॥੨੭॥ ਮਾਰੂ ਮ: ੫, ਪੰਨਾ ੧੦੦੪

ਹਉਮੈ ਅਧੀਨ ਕੀਤੇ ਸਾਰੇ ਕਰਮ ਬੰਧਨ ਹਨ। ਜੇ ਕੋਈ ਚੰਗਾ ਕੰਮ ਵੀ ਹਉਂ ਵਾਲੀ ਰੁਚੀ ਦੇ ਅਧੀਨ ਕੀਤਾ ਜਾਵੇ ਤਾਂ ਉਸ ਦੀ ਚੰਗਿਆਈ ਦਾ ਕਰਨ ਵਾਲੇ ਨੂੰ ਪੂਰਾ ਲਾਭ ਨਹੀਂ ਪੁਜਦਾ, ਕਿਉਂਕਿ ਉਹ ਹਉਮੈ ਦੀ ਬੇੜੀ ਵਿਚ ਜਕੜਿਆ ਜਾਂਦਾ ਹੈ। ਪੈਰਾਂ ਵਿਚ ਪਈ ਬੇੜੀ ਬੰਧਨ ਹੀ ਹੈ, ਭਾਵੇਂ ਲੋਹੇ ਦੀ ਹੋਵੇ ਭਾਵੇਂ ਸੋਨੇ ਦੀ।

ਸੋ ਹਉਂ-ਬਿਰਤੀ ਵਿਚ ਕੀਤੇ ਸਾਰੇ ਕਰਮ ਧਰਮ ਐਵੇਂ ਫ਼ਜ਼ੂਲ ਜਾਂਦੇ ਹਨ। ਹਉਮੈ ਅਧੀਨ ਕੀਤੇ ਕਰਮਾਂ ਦੇ ਬਧੇ ਮਨੁੱਖ ਨੂੰ ਫਿਰ ਫਿਰ ਜੂਨਾਂ ਵਿਚ ਭਟਕਣਾ ਪੈਂਦਾ ਹੈ।

**ਪ੍ਰਸ਼ਨ** :–ਹਉਮੈ ਕਿਥੋਂ ਪੈਦਾ ਹੁੰਦੀ ਹੈ ?

**ਉੱਤਰ** :–ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਇ ॥੨॥੭॥ ਆਸਾ ਕੀ ਵਾਰ, ਪੰਨਾ ੪੬੬



www.AKJ.Org

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥੪॥ ਮਾਰੂ ਮ: ੫, ਪੰਨਾ ੯੯੯
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ ਜਪੁਜੀ, ਪੰਨਾ ੧

**ਵਿਚਾਰ :-**

ਹੋਰ ਸਭ ਕਾਸੇ ਵਾਂਗ ਹਉਮੈ ਵੀ ਹੁਕਮ ਦੀ ਖੇਡ ਹੈ। ਇਸ ਦੀ ਉਤਪਤੀ ਵਿਧਾਤਾ ਦੇ ਹੁਕਮ ਵਿਚ ਹੀ ਹੋਈ ਹੈ। ਜੇ ਕੋਈ ਹੁਕਮ ਨੂੰ ਸਮਝ ਲਵੇ ਤੇ ਹੁਕਮ ਨੂੰ ਮਨ ਬਚਨ ਕਰਮ ਕਰਕੇ ਮੰਨ ਲਵੇ ਤਾਂ ਉਸ ਲਈ ਹਉਮੈ ਦੀ ਕੋਈ ਅੜਰੀ ਹੋਂਦ ਹੀ ਨਹੀਂ ਰਹਿੰਦੀ ਤੇ ਉਸ ਲਈ ਹਉਮੈ ਦੁਖਦਾਈ ਨਹੀਂ ਹੁੰਦੀ।

**ਪ੍ਰਸ਼ਨ** :-ਇਹ ਹਉਮੈ ਦੀ ਬੀਮਾਰੀ ਵਿਧਾਤਾ ਵਲੋਂ ਰਚ ਕੇ ਮਨੁਖ ਦੇ ਗਲ ਕਿਉਂ ਚਮੇੜੀ ਗਈ ?

**ਉੱਤਰ** :-ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥੨॥੭॥ ਆਸਾ ਕੀ ਵਾਰ, ਪੰਨਾ ੪੬੬

**ਵਿਚਾਰ**-

ਵਿਧਾਤਾ ਵਲੋਂ ਜੀਵ ਲਈ ਕੋਈ ਦੁਖਦਾਈ ਵਸਤੂ ਨਹੀਂ ਬਣਾਈ ਗਈ, ਸਗੋਂ ਹਰੇਕ ਵਸਤੂ ਇਸ ਦੀ ਭਲਾਈ ਲਈ ਤੇ ਇਸ ਦੇ ਸੁਖ ਆਰਾਮ ਲਈ ਹੀ ਰਚੀ ਗਈ ਹੈ।

ਮਨੁਖ ਦੇ ਅੰਦਰ ਵਿਧਾਤਾ ਵਲੋਂ ਰਖੀ ਹੋਈ ਅੰਸ ਰੂਪ ਵਿਚ ਚੇਤੰਨ-ਸਤਾ, ਅਥਵਾ ਕਰਤਾਰੀ ਸ਼ਕਤੀ ਦਾ ਅਹਿਸਾਸ 'ਹਉਮੈ' ਹੈ। ਇਸ ਅਹਿਸਾਸ ਵਿਚ ਹੀ ਜੀਵ ਦੀ ਪ੍ਰਗਤੀ ਦਾ ਭੇਤ ਲੁਕਿਆ ਹੋਇਆ ਹੈ। ਇਸ ਦੀ ਤੁਫ਼ੈਲ ਹੀ ਮਨੁਖ ਨੂੰ ਆਪਣੀ ਨਿੱਕੀ-ਹੋਂਦ ਅਤੇ ਵਾਹਿਗੁਰੂ ਦੀ ਪਰਮ-ਹੋਂਦ ਦਾ ਗਿਆਨ ਹੁੰਦਾ ਹੈ ਅਤੇ ਇਸੇ ਦੀ ਬਦੌਲਤ ਆਪੇ ਨੂੰ ਪਰਮ-ਆਪੇ ਵਿਚ ਮਿਲਣ ਦੀ ਤਾਂਘ ਉਪਜਦੀ ਹੈ। ਚੇਤਨ-ਸੱਤਾ ਦੇ ਅਹਿਸਾਸ ਦੀ ਬਰਕਤ ਸਦਕਾ ਜੀਵ ਨੂੰ ਪਤਾ ਲਗਦਾ ਹੈ ਕਿ ਮੈਂ ਸਾਗਰ ਤੋਂ ਵਿਛੜੀ ਹੋਈ ਇਕ ਬੂੰਦ ਹਾਂ, ਅਤੇ ਫਿਰ ਇਸ ਬੂੰਦ ਨੂੰ ਸਹੁ-ਸਾਗਰ ਵਿਚ ਮਿਲਣ ਦਾ ਉਤਸ਼ਾਹ ਜਾਗਦਾ ਹੈ। ਚੇਤਨ-ਸੱਤਾ ਦਾ ਅਹਿਸਾਸ ਹੀ ਮਨੁੱਖ ਅੰਦਰ ਪ੍ਰਗਤੀ ਲਈ ਉਤਸ਼ਾਹ ਪੈਦਾ ਕਰਦਾ ਹੈ, ਚੜ੍ਹਦੀ ਕਲਾ ਦੀ ਉਤੇਜਨਾ ਦੇਂਦਾ ਹੈ। ਜਿਸ ਜੀਵ ਵਿਚ ਇਹ ਅਹਿਸਾਸ ਨਹੀਂ ਉਹ ਤਰੱਕੀ ਵੀ ਨਹੀਂ ਕਰ ਸਕਦਾ, ਬਸ ਪੱਥਰ ਵਾਂਗ ਜਿਥੇ ਰਖਿਆ ਉਥੇ ਹੀ ਟਿਕਿਆ ਰਵ੍ਹੇਗਾ। ਸੋ ਹਉਮੈ ਦੀ ਯੋਗ ਅਤੇ ਉਸਾਰੂ ਵਰਤੋਂ ਕਰਨ ਨਾਲ ਜੀਵ ਤਰੱਕੀ ਕਰ ਕੇ ਭਗਵਾਨ ਦਾ ਰੂਪ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਮਨੁਖਾ ਦੇਹੀ ਲਈ ਦੇਵਤੇ ਵੀ ਤਰਸਦੇ ਹਨ।

ਸੋ ਜੇ ਹਉਮੈ ਦੀ ਅਯੋਗ ਵਰਤੋਂ ਇਕ ਅਸਾਧ ਰੋਗ ਸਾਬਤ ਹੁੰਦੀ ਹੈ ਤਾਂ ਇਸ ਦਾ ਠੀਕ ਗਿਆਨ ਅਤੇ ਇਸ ਦੀ ਯੋਗ ਵਰਤੋਂ ਵਿਚ ਹੀ ਇਸ ਦੀਰਘ ਰੋਗ ਦਾ ਦਾਰੂ ਵੀ ਲੁਕਿਆ ਹੋਇਆ ਹੈ।

**ਪ੍ਰਸ਼ਨ** :-ਹਉਮੈ ਦੂਰ ਕਿਵੇਂ ਹੋ ਸਕਦੀ ਹੈ ?

**ਉੱਤਰ** :-ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥੨॥੪॥
ਮ: ੩, ਰਾਮਕਲੀ ਕੀ ਵਾਰ, ਪੰਨਾ ੯੪੮

ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ (੪॥੯)
ਵਡਹੰਸ ਮ: ੩, ਪੰਨਾ ੫੬੦

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾਂ ਨਿਰਮਲੁ ਹੋਇ ॥



www.AKJ.Org

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥...
ਗੁਰਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥ (੪॥੩੧॥੬੪)
ਸਿਰੀ ਰਾਗੁ ਮ: ੩, ਪੰਨਾ ੩੯

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉਮੈ ਨ ਜਾਇ ॥
ਨਾਨਕ ਨਾਮਿ ਰਤੇ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥ ਆਸਾ ਮ: ੩, ਪੰਨਾ ੪੨੬

**ਵਿਚਾਰ :**

ਹਉਮੈ ਅਜਿਹੀ ਚੰਦਰੀ ਮੈਲ ਹੈ ਜੋ ਮਨੁੱਖ ਦੇ ਆਪਣੇ ਜਤਨ ਨਾਲ ਨਹੀਂ ਉਤਰਦੀ। ਇਸ ਨੂੰ ਧੋਣ ਲਈ ਮਨੁੱਖ ਭਾਵੇਂ ਕਿੰਨੇ ਕਰਮ ਕਮਾਵੇ, ਉਹਨਾਂ ਵਿਚੋਂ ਕੋਈ ਵੀ ਕਾਰਗਰ ਨਹੀਂ ਹੁੰਦਾ, ਸਗੋਂ ਇਹਨਾਂ ਕਰਮਾਂ ਨਾਲ ਹਉਮੈ ਦੀ ਮੈਲ ਹੋਰ ਦੂਣ ਸਵਾਈ ਹੁੰਦੀ ਹੈ। ਤੀਰਥਾਂ ਤੇ ਨ੍ਹਾਤਿਆਂ, ਸਿਧ-ਆਸਣ ਕੀਤਿਆਂ, ਮੋਨ ਰਖਿਆਂ, ਧੂਣੀਆਂ ਤਪਾਇਆਂ, ਸਰੀਰ ਨੂੰ ਰੱਤੀ ਰੱਤੀ ਕਰ ਕੇ ਕਟਾਇਆਂ, ਅਤੇ ਵਰਤ ਨੇਮ ਕੀਤਿਆਂ ਵੀ ਹਉਮੈ ਖਹਿੜਾ ਨਹੀਂ ਛਡਦੀ, ਸਗੋਂ ਹੋਰ ਵਧੇਰੀ ਪਰਫੁਲਤ ਹੁੰਦੀ ਹੈ।

ਜੇਕਰ ਜੀਵ ਨਿਮਾਣਾ ਹੋ ਕੇ ਪੂਰੇ ਗੁਰੂ ਦੀ ਸ਼ਰਨ ਢਹਿ ਪਵੇ ਤਾਂ ਸਤਿਗੁਰੂ ਮੇਹਰ ਕਰ ਕੇ ਜੀਵ ਨੂੰ ਨਾਮ ਅਥਵਾ ਸ਼ਬਦ ਬਖਸ਼ਦਾ ਹੈ। ਨਾਮ (ਸ਼ਬਦ) ਦੀ ਕਮਾਈ ਕੀਤਿਆਂ ਹਉਮੈ ਨਾਸ ਹੋ ਜਾਂਦੀ ਹੈ ਤੇ ਤਨ ਮਨ ਨਿਰਮਲ ਹੋ ਜਾਂਦਾ ਹੈ। ਸ਼ਬਦ-ਦੀਵਾ ਅੰਦਰ ਜਗ ਉਠਣ ਨਾਲ ਅਗਿਆਨਤਾ ਦਾ ਅੰਨ੍ਹੇਰਾ ਦੂਰ ਹੋ ਜਾਂਦਾ ਹੈ, ਦੂਜੇ ਭਾਵ ਦਾ ਨਾਸ ਹੋ ਜਾਂਦਾ ਹੈ। ਸੋਝੀ ਹੋ ਜਾਂਦੀ ਹੈ ਕਿ ਕਰਤਾ ਪੁਰਖ ਕੇਵਲ ਵਾਹਿਗੁਰੂ ਹੈ, ਮਨੁੱਖ ਨਹੀਂ। ਇਹ ਗਿਆਨ ਹੋ ਜਾਂਦਾ ਹੈ ਕਿ ਜੀਵ ਦੇ ਸਾਰੇ ਕਰਮ, ਨਹੀਂ ਨਹੀਂ ਸਗੋਂ ਸਾਰੇ ਸੰਕਲਪ ਵੀ ਸੁਤੰਤਰ ਨਹੀਂ। ਜਿਉਂ ਜਿਉਂ ਕਿਸੇ ਨੂੰ ਪ੍ਰਭੂ ਪ੍ਰੇਰਦਾ ਹੈ, ਤਿਵੇਂ ਤਿਵੇਂ ਹੀ ਕੋਈ ਜੀਵ ਸੋਚਦਾ ਤੇ ਕਰਮ ਕਰਦਾ ਹੈ। ਫਿਰ ਮਨੁੱਖ ਵਿਧਾਤਾ ਦੀ ਇਕ ਕਠਪੁਤਲੀ ਪਰਤੀਤ ਹੁੰਦਾ ਹੈ।

ਹਉਮੈ ਤੇ ਨਾਮ ਇਕੱਠੇ ਨਹੀਂ ਟਿਕ ਸਕਦੇ। ਜਿਥੇ ਹਉਮੈ ਵਸਦੀ ਹੈ ਓਥੇ ਨਾਮ ਨਹੀਂ ਟਿਕ ਸਕਦਾ। ਤੇ ਜਿਥੇ ਨਾਮ ਆ ਵਸਦਾ ਹੈ ਉਥੋਂ ਹਉਮੈ ਬਿਸਤਰਾ ਗੋਲ ਕਰ ਜਾਂਦੀ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ (੪॥੯)
ਵਡਹੰਸ ਮ: ੩, ਪੰਨਾ ੫੬੦

ਮਨੁਖ ਨੂੰ ਭਟਕਣਾ ਤੇ ਕਸ਼ਟ ਓਦੋਂ ਤਕ ਹੀ ਰਹਿੰਦਾ ਹੈ ਜਦੋਂ ਤਕ ਖ਼ੁਦ-ਪ੍ਰਸਤੀ ਵਿਚ ਵਿਚਰਦਾ ਹੈ। ਇਸ ਚੰਦਰੀ ਤੋਂ ਛੁਟਕਾਰਾ ਹੋਇਆਂ ਸੁਖ ਹੀ ਸੁਖ ਹੋ ਜਾਂਦਾ ਹੈ, ਸਦਾ ਖੇੜਾ ਬਣਿਆ ਰਹਿੰਦਾ ਹੈ, ਦੌੜ ਭਜ ਤੇ ਭਟਕਣਾ ਮਿਟ ਜਾਂਦੀ ਹੈ ਤੇ ਅਸਥਿਰ ਟਿਕਾਣਾ ਮਿਲ ਜਾਂਦਾ ਹੈ। ਸ਼ਖਸੀਅਤ ਸੁਗੰਧਤ ਹੋ ਜਾਂਦੀ ਹੈ।

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥੪੯॥ (੨੬੦)

ਹਉਮੈ ਅਥਵਾ ਦੁਬਿਧਾ ਨਾਸ ਹੋ ਗਈ, ਪਰਮ-ਆਪੇ ਵਿਚ ਆਪਾ ਲੀਨ ਹੋ ਗਿਆ, ਜੀਵਨ ਦੀ ਬਿਖਮ ਬਾਜੀ ਜਿਤ ਲਈ। ਬਸ ਫਿਰ ਜੀਵਨ-ਯਾਤਰਾ ਸ਼ਫਲ ਹੋ ਗਈ :—

ਆਪੇ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਪੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥੧੯॥
ਮ: ੩, ਵਾਰ ਮਾਰੂ—੧੦੯੩

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥ (੯੧੮)

[ਜੀਵਨ ਕਥਾ ਗੁਰੂ ਅਮਰਦਾਸ ਜੀ ਵਿਚੋਂ
'ਸੂਰਾ' ਅੰਮ੍ਰਿਤਸਰ, ੧੯੮੦



www.AKJ.Org

# ਮਨਮੁਖ ਮੈਲੇ ਮਲੁ ਭਰੇ

[ਵਲੋਂ-ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ, ਬੜੂੰਦੀ]

ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨਾਂ ਦਾ ਉਤਰ ਦਿੰਦਿਆਂ ਹੋਇਆਂ ਆਪ ਮਨਮੁਖਾਂ ਦੇ ਲਛਣ ਬਿਆਨ ਕਰਦੇ ਹੋਏ ਲਿਖਦੇ ਹਨ :—

**ਮੈਲੇ :** ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥੩॥ (੨੯)

ਹਉਮੈ ਤ੍ਰਿਸਨਾ ਵਿਕਾਰਾਂ ਦੀ ਮੈਲ ਵਿਚ ਲਦਿਆਂ ਹੋਇਆਂ ਮਨਮੁਖਾਂ ਨੂੰ ਕਿਵੇਂ ਗਿਆਨ ਹੋ ਸਕਦਾ ਹੈ ਕਿ ਨਾਮ ਬਿਨਾਂ ਮਨ ਦੀ ਮੈਲ ਕਦਾਚਿਤ ਨਹੀਂ ਲਹਿ ਸਕਦੀ ਤੇ ਉਹ ਸਦਾ ਚੁਰਾਸੀ ਦੇ ਗੇੜੇ ਵਿਚ ਹੀ ਰਹਿਣਗੇ। ਜੇ ਓਹ ਗੁਰਬਾਣੀ ਸੁਣਨ ਅਤੇ ਸੁਣ ਕੇ ਕਮਾਉਣ ਤਾਂ ਓਹਨਾਂ ਨੂੰ ਮਨ ਦੀ ਮੈਲ ਦਾ ਕੇਵਲ ਅਸਲੀ ਗਿਆਨ ਹੀ ਨਹੀਂ ਹੁੰਦਾ ਸਗੋਂ ਉਹ ਆਪਣੀ ਮੈਲ ਦੂਰ ਕਰ ਕੇ ਚੁਰਾਸੀ ਦੇ ਗੇੜੇ ਵਿਚੋਂ ਨਿਕਲਣ ਦੇ ਸਮਰੱਥ ਹੋ ਸਕਦੇ ਹਨ। ਯਥਾ ਗੁਰ ਵਾਕ—

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਣੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥(੩੯)

ਤਥਾ— ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੀ ਚੰਦੁ ॥੧॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥ਰਹਾਉ॥
ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥
ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥੫॥
ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥(੧੧੫੮)

ਤੱਤ ਸਾਰ ਅਰਥ ਇਹ ਕਿ ਨਾਮ ਬਿਨਾਂ ਸਾਰਾ ਸੰਸਾਰ ਹੀ ਮੈਲਾ ਹੈ। ਨਾਮ ਬਿਨਾਂ ਜਪ ਤਪ ਸੰਜਮ ਪੁੰਨ ਦਾਨ ਵਿਦਿਆ ਆਦਿਕ ਅਨਿਕ ਪਰਕਾਰੀ ਕਰਮ ਸਗੋਂ ਮੈਲ ਵਧਾਉਣ ਦਾ ਕਾਰਨ ਬਣਦੇ ਹਨ। ਨਿਗੁਰੇ ਪ੍ਰਾਣੀ ਦਾ ਆਪ-ਹੁਦਰਾ ਜਪਿਆ ਨਾਮ ਭੀ ਮੈਲ ਨਹੀਂ ਲਾਹ ਸਕਦਾ। ਮਨਮੁਖਾਂ ਦੀ ਭਗਤੀ ਭੀ ਕਿਸੇ ਲੇਖੇ ਨਹੀਂ ਪੈਂਦੀ, ਕਿਉਂ ਜੁ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੈ, ਹੋਰ ਕੋਈ ਨਹੀਂ। ਯਥਾ ਗੁਰ ਵਾਕ—

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ, ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ, ਮਰਿ ਜਨਮਹਿ ਦੁਖੁ ਹੋਈ ਰਾਮ ॥੩॥(੭੬੮)

**ਕੁਛਿਤ, ਕੁਚੀਲ, ਬਿਕਰਾਲ :** ਮਾਇਆ ਮੋਹੁ ਸਰਬ ਜੰਜਾਲਾ ॥
ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥੬॥ (੨੨੨)

ਦਰ-ਅਸਲ ਸਰਬ ਜੰਜਾਲ ਹੀ ਮੋਹ-ਮਾਇਆ ਦਾ ਪਸਾਰਾ ਹਨ। ਨਾਮ ਤੋਂ ਬਿਨਾਂ ਜਿਹੜੇ ਮਨਮੁਖ ਅੰਨ੍ਹੇਵਾਹ ਸਾਰੀ ਉਮਰ ਏਹਨਾਂ ਵਿਚ ਹੀ ਲੱਥ ਪੱਥ ਰਹਿੰਦੇ ਹਨ, ਓਹ ਕੇਵਲ ਮੈਲੇ ਕੁਚੈਲੇ ਹੀ ਨਹੀਂ, ਸਗੋਂ ਓਹਨਾਂ ਨੂੰ ਭਿਆਨਕ ਰੂਪ ਜਾਣ ਕੇ ਓਹਨਾਂ ਤੋਂ ਕਿਨਾਰਾ ਕਰਨਾ ਹੀ ਉਚਿਤ ਹੈ।



www.AKJ.Org

**ਕਾਇਰ, ਕਰੂਪ, ਨਕਟੇ :**

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥੧॥ (੫੯੧)

ਨਾਮ ਤੋਂ ਸਖਣੇ ਮਨਮੁਖ ਨਕੱਟੇ ਹੀ ਗਿਣੇ ਜਾਣਗੇ। ਓਹ ਕਦੇ ਸੋਹਣਿਆਂ ਵਿਚ ਨਹੀਂ ਗਿਣੇ ਜਾ ਸਕਦੇ। ਓਹ ਪਏ ਬਹਾਦਰ ਹੋਣ ਦੀਆਂ ਡੀਂਗਾਂ ਮਾਰਦੇ ਫਿਰਨ, ਓਹ ਤਾਂ ਅਸਲੀ ਡਰਾਕਲ ਹਨ। ਇਸ ਗੱਲ ਦੀ ਸਚਾਈ ਦੇ ਸਬੂਤ ਲਈ ਵੇਖੋ ਸ੍ਰੀ ਮੁਖਿ ਵਾਕ—

ਹਰਿ ਕੇ ਨਾਮ ਬਿਨਾ ਸੁੰਦਰ ਹੀ ਨਕਟੀ ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ, ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ਰਹਾਉ॥
ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ, ਤੇ ਬਿਗੜ ਰੂਪ ਬੇਰਕਟੀ ॥
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥ (੫੨੮)

ਅਤੇ—ਨਾਮ ਹੀਨ ਨਕਟੇ ਫਿਰਹਿ, ਬਿਨੁ ਨਾਵੈ ਬਹਿ ਰੋਇ ॥੧੪॥ (੧੪੧੪)

ਫਿਰ—ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ ॥
ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥ (੧੩੨)

ਮਨਮੁਖ ਦਿਨ ਰਾਤ ਝੂਠੇ ਧੰਧਿਆਂ ਵਿਚ ਖਪਿ ਖਪਿ ਮਰਿ ਰਹੇ ਹਨ। ਉਹਨਾਂ ਨੂੰ ਸੁਪਨੇ ਵਿਚ ਭੀ ਸੱਚੇ ਸੁਖ ਦੀ ਸੋਝੀ ਪ੍ਰਾਪਤ ਨਹੀਂ ਹੋ ਸਕਦੀ। ਓਹ ਸਮਝਦੇ ਹਨ ਕਿ ਮਾਇਕ ਪਦਾਰਥਾਂ ਵਿਚ ਹੀ ਸੁਖ ਹੈ। ਪੂਰੇ ਸਤਿਗੁਰੂ ਦਾ ਸੱਚਾ ਸੁਖ ਦੇਣ ਵਾਲਾ ਸੱਚਾ ਸੁੱਚਾ ਨਿਰਮਲ ਸਾਰੇ ਜਹਾਨ ਲਈ ਸਾਂਝਾ ਉਪਦੇਸ਼ ਨਾ ਸੁਣਦੇ ਹਨ ਤੇ ਨ ਕਮਾ ਕੇ ਦੇਖਦੇ ਹਨ। ਯਥਾ ਗੁਰਵਾਕ—

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥
ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥
ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ਰਹਾਉ॥
ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥
ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥
ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥
ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥
ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥
ਜਾ ਕੈ ਹਰਿ ਧਨੁ ਸੋਈ ਸੁਹੇਲਾ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ॥੧॥ਰਹਾਉ ਦੂਜਾ॥੧੭੯

ਪੂਰੇ ਸੰਤ ਰੂਪੀ ਸਤਿਗੁਰਾਂ ਦੇ ਉਕਤ ਸ਼ਬਦ ਵਿਖੇ ਦਿਤੇ ਉਪਦੇਸ਼ ਨੂੰ ਜੇ ਸੰਸਾਰ ਕਮਾਉਣ ਲਗ ਪਵੇ ਤਾਂ ਅਜ ਹੀ ਸਾਰੇ ਸੰਸਾਰ ਵਿਚ ਹਲੇਮੀ ਰਾਜ ਵਰਤਾ ਕੇ ਸੱਚਾ ਸੁਖ ਪ੍ਰਾਪਤ ਕੀਤਾ ਜਾ ਸਕਦਾ ਹੈ।

**ਕੂੜਿਆਰ :** ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥
ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥੧੩॥ (੧੪੪)

ਗੁਰਮਤਿ ਦੀ ਸੱਚੀ ਸੁੱਚੀ ਕਸਵੱਟੀ "ਨਾਮ ਬਿਨਾ ਸਭਿ ਕੂੜੁ" ਅਨੁਸਾਰ ਮਨਮੁਖ ਭਾਵੇਂ ਸੱਚੇ ਹੋਣ ਦੀਆਂ ਸੌ ਸੌ ਡੀਂਗਾਂ ਪਏ ਮਾਰਦੇ ਫਿਰਨ, ਓਹ ਫੇਰ ਭੀ ਝੂਠੇ ਹੀ ਸਿਧ ਹੋਣਗੇ। ਓਹਨਾਂ ਦਾ ਝੂਠ ਤੇ ਭਰਮ ਨਾਮ ਬਿਨਾਂ ਕਦੇ ਦੂਰ ਨਹੀਂ ਹੋ ਸਕਦੇ। ਓਹਨਾਂ ਦਾ ਸਾਰਾ ਜੀਵਨ ਹੀ ਵਿਸ਼ਟਾ ਦੇ ਕੀੜਿਆਂ ਦੀ ਨਿਆਈਂ ਹੈ। ਓਹਨਾਂ ਨੂੰ ਨਾਮ-ਰਸ ਦਾ ਮੁਸ਼ਕ ਭੀ ਪ੍ਰਾਪਤ ਨਹੀਂ ਹੋ ਸਕਦਾ।


www.AKJ.Org

# ਗ਼ੈਰ-ਸਿੱਖਾਂ ਵਲੋਂ "ਸਿੱਖੀ" ਬਾਰੇ ਉਚਰੇ ਬਚਨ

[ਸ: ਸਰੂਪ ਸਿੰਘ ਜੀ 'ਅਲਗ', ਭਾਸ਼ਾ ਅਫ਼ਸਰ, ਬਿਜਲੀ ਬੋਰਡ, ਪਟਿਆਲਾ]

ਪੂਰਬ ਦੇ ਪ੍ਰਸਿਧ ਸ਼ਾਇਰ ਮੌਲਾਨਾ ਇਕਬਾਲ ਦੇ ਦਿਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭਰਪੂਰ ਸਰਧਾ ਸੀ ਅਤੇ ਗੁਰੂ ਸਾਹਿਬ ਦੇ ਸਰਬ-ਪੱਖੀ ਮਾਨਵ-ਅਧਿਆਤਮਕ ਫਲਸਫੇ ਨੂੰ ਵੇਖਦਿਆਂ ਹੋਇਆਂ ਉਹ ਬੇ-ਸਾਖ਼ਤਾ ਕਹਿ ਉਠਿਆ ਸੀ–

"ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੈ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"

ਅਤੇ ਗੁਰੂ ਜੀ ਪ੍ਰਤੀ ਲਿਖੀ ਇਕ ਨਜ਼ਮ ਵਿਚ ਆਪਣਾ ਸਤਿਕਾਰ ਭੇਂਟ ਕਰਦਿਆਂ ਆਪ ਨੇ ਆਖ਼ਰੀ ਸ਼ੇਅਰ ਇਉਂ ਕਲਮਬੰਦ ਕੀਤਾ ਸੀ–

"ਫਿਰ ਉੱਠੀ ਆਖਰ ਸਦਾਅ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦ ਕਾਮਲ ਨੇ ਜਗਾਇਆ ਖ੍ਵਾਬ ਸੇ।"

ਗੱਲ ਇਥੇ ਹੀ ਨਹੀਂ ਮੁਕਦੀ, ਇਕ ਵਾਰੀ ਜਦੋਂ ਇਕ ਅਜ਼ਾਜ਼ ਸ੍ਰੀ ਹਬੀਬ, ਐਡੀਟਰ 'ਸਿਆਸਤ' ਲਾਹੌਰ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਬਾਣੀ ਜਪੁਜੀ ਸਾਹਿਬ ਦਾ ਉਰਦੂ ਭਾਸ਼ਾ ਵਿਚ ਅਨੁਵਾਦ ਕਰਨ ਲਗਾ ਤਾਂ ਮੌਲਾਨਾ ਇਕਬਾਲ ਨੇ ਹਬੀਬ ਨੂੰ ਉਚੇਚੇ ਤੌਰ ਤੇ ਤੰਬੀਹ ਕਰਦਿਆਂ ਹੋਇਆ ਕਿਹਾ ਸੀ, "ਹਬੀਬ, ਗੁਰੂ ਨਾਨਕ ਸਾਹਿਬ ਦੇ ਜਪੁਜੀ ਦਾ ਉਰਦੂ ਵਿਚ ਅਨੁਵਾਦ ਕਰਨ ਲਗਿਆਂ ਅੱਲਾ ਤੋਂ ਇਹ ਸ਼ਕਤੀ ਮੰਗੀਂ ਕਿ ਇਸ ਮਹਾਨ ਬਾਣੀ ਨਾਲ ਇਨਸਾਫ ਕਰ ਸਕੇਂ। ਤੂੰ ਜਪੁਜੀ ਸਾਹਿਬ ਨਾਲ ਪੱਖਪਾਤੀ ਨਾ ਹੋਵੀਂ ਕਿਉਂਕਿ ਜਿਸ ਮਹਾਨ ਰਚਨਹਾਰ ਨੇ ਇਹ ਬਾਣੀ ਰਚੀ ਹੈ, ਉਸ ਨੇ ਵਡੇ ਤੋਂ ਵਡੇ ਮੁਸਲਮਾਨ ਨਾਲੋਂ ਵੀ ਵਧ ਇਸਲਾਮ ਦੀ ਸੇਵਾ ਕੀਤੀ ਹੈ।" ਗੁਰੂ ਨਾਨਕ ਦੇਵ ਜੀ ਪ੍ਰਤੀ ਅਜਿਹੇ ਵਲਵਲਾਖ਼ੇਜ਼ ਪ੍ਰਭਾਵਾਂ ਦੀ ਰੋਸ਼ਨੀ ਵਿਚ ਅਸੀਂ ਸਹਿਜ ਹੀ ਅਨੁਭਵ ਕਰ ਸਕਦੇ ਹਾਂ ਕਿ ਇਕਬਾਲ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਕਿਤਨੀ ਸ਼ਰਧਾ ਤੇ ਪ੍ਰੇਮ-ਭਾਵਨਾ ਰਖਦਾ ਸੀ।

ਸੰਸਾਰ ਵਿਚ ਕੁਝ ਅਜਿਹੀਆਂ ਮਹਾਨ ਹਸਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਕਦਰੋ-ਮੰਜ਼ਲਤ (ਕਦਰ-ਕੀਮਤ) ਭੂਗੋਲਕ ਅਤੇ ਸਮਾਜਕ ਹੱਦਾਂ ਦਾ ਮੁਥਾਜ ਨਹੀਂ ਰਹਿੰਦਾ। ਇਸ ਤਰ੍ਹਾਂ ਦੀ ਇਕ ਹਸਤੀ ਸ੍ਰੀ ਤਿਆਨਬੀ ਦੀ ਸੀ, ਜਿਹੜਾ ਮਾਨਵਤਾ ਬਾਰੇ 20ਵੀਂ ਸਦੀ ਦਾ ਇਕੋ ਇਕ ਲੋਕ-ਪ੍ਰਿਯ ਲਖਕ ਕਿਹਾ ਜਾ ਸਕਦਾ ਹੈ। ਉਸ ਨੇ ਸਾਰੀ ਮਨੁਖਤਾ ਦਾ ਜਿਹੜਾ ਇਤਿਹਾਸ 20 ਜਿਲਦਾਂ ਵਿਚ ਲਿਖਿਆ, ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਵਡਿੱਤਣ ਭਰਪੂਰ ਸ਼ਖਸੀਅਤ ਦਾ ਧਾਰਨੀ ਦਸਿਆ ਤੇ ਬੜੇ ਮਾਣ ਨਾਲ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਿਸ ਖਾਲਸੇ ਦੀ ਕਲਪਨਾ ਕੀਤੀ ਗਈ ਹੈ ਉਸ ਤੋਂ ਵਧ ਸ਼ੁੱਧ ਇਨਸਾਨ ਹੋਣਾ ਇਕ ਬਹੁਤ ਅਤਿਕਥਨੀ ਹੋਵੇਗੀ।

ਜਦ ਸੰਸਾਰ ਦੀ ਕੇਂਦਰੀ ਜਮਾਤ ਯੂ. ਐਨ. ਓ. ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਮਹਾਨ ਉਪਦੇਸ਼ਾਂ ਬਾਰੇ ਸੋਝੀ ਹੋਈ ਤਾਂ ਉਹਨਾਂ ਨੇ ਇਸ ਵਿਚੋਂ ਕੁਝ ਚੀਦਾ ਚੀਦਾ (ਖ਼ਾਸ ਖ਼ਾਸ) ਬਾਣੀ ਦਾ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ। ਜਦ ਇਹ ਸੰਖੇਪ ਗਰੰਥ ਆਪਣਾ ਸਰੂਪ ਧਾਰ ਚੁਕਾ ਤਾਂ ਉਸ ਦੇ ਮੁਖਬੰਧ ਨੂੰ ਲਿਖਣ ਲਈ ਉਹਨਾਂ ਨੂੰ ਮਿਸਟਰ ਤਿਆਨਬੀ ਤੋਂ ਇਲਾਵਾ ਹੋਰ ਕੋਈ ਨਾ ਦਿਸਿਆ। ਤਿਆਨਬੀ ਨੇ ਮੁਖਬੰਧ ਲਿਖਣਾ ਸਵੀਕਾਰ ਕੀਤਾ ਅਤੇ ਉਸ ਵਿਚ ਹੋਰ ਗੱਲਾਂ ਦੇ ਨਾਲ ਇਸ ਗੱਲ ਨੂੰ ਵਿਸ਼ੇਸ਼ ਤੌਰ ਤੇ ਸਲਾਹਿਆ ਕਿ ਗੁਰੂ ਗਰੰਥ ਸਾਹਿਬ ਜੀ ਸਾਨੂੰ ਇਕ ਨਵਾਂ ਮਾਰਗ ਦਸਦੇ ਹਨ ਅਤੇ ਉਹ ਹੈ 'ਨਾਮ



www.AKJ.Org

ਮਾਰਗ', ਜਿਸ ਵਿਚ ਕਰਮ ਮਾਰਗ, ਭਗਤੀ ਮਾਰਗ ਤੇ ਗਿਆਨ ਮਾਰਗ ਦੇ ਸ਼ੁਭ ਗੁਣ ਹੋਣ ਦੇ ਬਾਵਜੂਦ ਅਕਾਲ ਪੁਰਖ ਨੂੰ ਸ਼ਬਦ ਤੇ ਨਾਮ ਰੂਪ ਦੇ ਵਿਚ ਹੀ ਕਲਪਤ ਕੀਤਾ ਗਿਆ ਹੈ।

ਤਿਆਨਬੀ ਦੀ ਸਿਖ ਧਰਮ ਪ੍ਰਤੀ ਸੁਨੇਤਰਤਾ ਦਾ ਅਨੁਮਾਨ ਇਸ ਗੱਲ ਤੋਂ ਵੀ ਲਾਇਆ ਜਾ ਸਕਦ ਹੈ ਜਿਹੜੀ ਉਸ ਚਰਚਾ ਵਿਚੋਂ ਨਿਕਲਦੀ ਹੈ ਜੋ ਤਿਆਨਬੀ ਤੇ ਇਕ ਅਮਰੀਕਨ ਔਰਤ ਵਿਚਕਾਰ ਹੋਈ। ਅਮਰੀਕਨ ਔਰਤ ਨੇ ਤਿਆਨਬੀ ਤੋਂ ਪੁਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਬਾਰੇ ਲਿਖਿਆ ਹੈ, ਇਕ ਇਕ ਫਿਰਕੇ ਤੇ ਜ਼ਾਤ ਦੇ ਬੰਦੇ ਨੂੰ ਮਿਲੇ ਹੋ, ਉਨ੍ਹਾਂ ਦੀਆਂ ਰਹੁ-ਰੀਤਾਂ ਤੇ ਧਾਰਮਕ ਫਲਸਫੇ ਨੂੰ ਜਾਣਿਆ ਹੈ, ਭਾਂਪਿਆ ਹੈ, ਸੋਚਿਆ ਹੈ ਤੇ ਅੰਕਤ ਕੀਤਾ ਹੈ, ਇਸ ਲਈ ਆਪਣੇ ਇਸ ਤਜਰਬੇ ਦੇ ਅਧਾਰ ਤੇ ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਦੁਨੀਆ ਵਿਚ ਸਭ ਤੋਂ ਸੁਹਣਾ ਮਨੁਖ ਕੌਣ ਹੈ ? ਤਿਆਨਬੀ ਨੇ ਪਟੱਕ ਜਵਾਬ ਦਿਤਾ, "ਖੁਲ੍ਹੀ ਦਾੜ੍ਹੀ ਵਾਲਾ ਪੂਰਨ ਗੁਰਸਿਖ"। ਔਰਤ ਸੁਣ ਕੇ ਹੈਰਾਨ ਰਹਿ ਗਈ। ਉਸ ਦੀ ਵਿਚਾਰ-ਸੰਗਲੀ ਵਿਚ ਫਿਰ ਸੁਆਲ ਉਤਪੰਨ ਹੋਇਆ ਕਿ ਇਹ ਤਾਂ ਚਲੋ ਠੀਕ ਹੈ, ਪਰ ਲਗਦੇ ਹਥੀਂ ਇਹ ਵੀ ਦਸ ਦਿਓ ਕਿ ਦੁਨੀਆ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ ? ਤਾਂ ਉਸ ਨੇ ਪਹਿਲੇ ਹੀ ਜੁਆਬ ਵਿਚ ਥੋੜੀ ਜਿਹੀ ਤਬਦੀਲੀ ਕਰ ਕੇ ਉਤਰ ਦਿਤਾ, "ਉਹ ਸਿਖ ਜਿਸ ਨੇ ਦਾੜ੍ਹੀ ਮੁਨਾਈ ਹੋਵੇ।"

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਤੇ ਬਹੁਤ ਹਮਲੇ ਕੀਤੇ ਅਤੇ ਜਦ ਉਹ ਵਿਸ਼ੇਸ਼ ਤੌਰ ਤੇ ਸਿਖਾਂ ਦੇ ਖ਼ਾਤਮੇ ਲਈ ਚੜ੍ਹਾਈ ਕਰ ਕੇ ਆਇਆ ਤਾਂ ਉਸ ਸਮੇਂ ਫ਼ਾਰਸੀ ਅਰਬੀ ਦਾ ਪ੍ਰਸਿਧ ਲੇਖਕ ਕਾਜ਼ੀ ਨੂਰ ਮੁਹੰਮਦ ਵੀ ਉਸ ਦੇ ਨਾਲ ਸੀ। ਇਹ ਕਾਜ਼ੀ ਜੋ ਕੁਝ ਵੇਖਦਾ ਗਿਆ, ਲਿਖਦਾ ਗਿਆ, ਅਤੇ ਉਸ ਨੇ ਜੋ ਕਿਤਾਬ ਲਿਖੀ ਹੈ ਉਸ ਵਿਚ ਸਿੱਖਾਂ ਬਾਰੇ ਬੇਸ਼ੁਮਾਰ ਨਫਰਤ-ਆਮੇਜ਼ ਅਤੇ ਘਿਰਣਾ ਵਾਲੇ ਸ਼ਬਦ ਵਰਤੇ। ਜਿਤਨੀਆਂ ਵੀ ਗਾਲ੍ਹਾਂ ਕੋਈ ਬੰਦਾ ਕੱਢ ਸਕਦਾ ਹੈ ਉਹ ਕਾਜ਼ੀ ਨੂਰ ਮੁਹੰਮਦ ਨੇ ਸਿਖਾਂ ਨੂੰ ਕਢੀਆਂ, ਪਰ ਜਿਸ ਸਮੇਂ ਉਹ ਸਿਖਾਂ ਦੀਆਂ ਸਿਫਤਾਂ ਬਾਰੇ ਲਿਖ ਰਿਹਾ ਸੀ, ਉਸ ਸਮੇਂ ਉਨ੍ਹਾਂ ਸਿਫਤਾਂ ਦੀ ਬਹੁਤਾਤ ਦਾ ਭਾਰ ਨਾ ਝਲਦਿਆਂ ਹੋਇਆਂ ਉਸ ਨੂੰ ਗਾਲ੍ਹਾਂ ਤਾਂ ਭੁਲ ਹੀ ਗਈਆਂ ਅਤੇ ਸਿੱਖਾਂ ਦਾ ਅਸਲੀ ਰੂਪ ਪ੍ਰਗਟ ਕਰਨ ਵਿਚ ਤੱਤਪਰ ਹੋ ਗਿਆ।

ਉਹ ਲਿਖਦਾ ਹੈ ਕਿ "ਸਿਖ ਮੌਤ ਨੂੰ ਕੁਝ ਨਹੀਂ ਸਮਝਦੇ, ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਵੇਂ ਹੀ ਸਮਝਾਇਆ ਹੈ। ਖੰਡੇ ਦਾ ਅੰਮ੍ਰਿਤ ਛਕ ਕੇ ਇਹ ਅਮਰ ਹੋ ਜਾਂਦੇ ਹਨ। ਲੜਾਈ ਵਿਚ ਜਦ ਜੂਝਦੇ ਹਨ ਤਾਂ ਫਿਰ ਕਿਆਮਤ ਲਿਆ ਦਿੰਦੇ ਹਨ। ਨਿਸ਼ਾਨਚੀ ਇੰਨੇ ਪੱਕੇ ਹਨ ਕਿ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਮੈਂ ਇਹ ਤਾਂ ਨਹੀਂ ਜਾਣਦਾ ਕਿ ਬੰਦੂਕ ਕਿਸ ਨੇ ਬਣਾਈ ਹੈ, ਪਰ ਮੈਂ ਇਹ ਜ਼ਰੂਰ ਜਾਣਦਾ ਹਾਂ ਕਿ ਇਸ ਨੂੰ ਚਲਾਉਣ ਦਾ ਹੁਨਰ ਸਿਰਫ ਸਿਖਾਂ ਦੇ ਹੱਥ ਆਇਆ ਹੈ। ਸਾਹਮਣੇ ਵੇਖ ਕੇ ਗੋਲੀ ਚਲਾਉਣਾ ਅਤੇ ਫਿਰ ਸਹੀ ਨਿਸ਼ਾਨਾ ਫੁੰਡਣਾ ਭਾਵੇਂ ਇਕ ਵਡੀ ਗੱਲ ਹੈ, ਪਰ ਮੈਂ ਇਸ ਨੂੰ ਇਸ ਲਈ ਬਹੁਤੀ ਅਹਿਮੀਅਤ ਨਹੀਂ ਦਿੰਦਾ ਕਿਉਂਕਿ ਮੈਂ ਇਸ ਤੋਂ ਵਧ ਨਿਸ਼ਾਨਚੀ ਸਿੱਖਾਂ ਵਿਚ ਵੇਖੇ ਹਨ ਜਿਹੜੇ ਹਵਾ ਦੀ ਰਫ਼ਤਾਰ ਵਿਚ ਦੌੜਦੇ ਘੋੜਿਆਂ ਦੇ ਸਵਾਰ ਹੋ, ਬੰਦੂਕ ਦਾ ਮੂੰਹ ਪਿੱਠ ਵਲ ਕਰ ਕੇ, ਦੁਸ਼ਮਣ ਦੇ ਮੂੰਹ ਵਿਚੋਂ ਨਿਕਲੀ ਆਵਾਜ਼ ਨੂੰ ਨਿਸ਼ਾਨਾ ਬਣਾ ਕੇ ਅਜਿਹਾ ਵਾਰ ਕਰਦੇ ਹਨ ਕਿ ਦੁਸ਼ਮਣ ਦੀ ਉਹ ਆਵਾਜ਼ ਆਖ਼ਰੀ ਆਵਾਜ਼ ਹੋ ਕੇ ਰਹਿ ਜਾਂਦੀ ਹੈ।"

ਕਾਜ਼ੀ ਨੂਰ ਮੁਹੰਮਦ ਇਹ ਵੀ ਕਹਿੰਦਾ ਹੈ ਕਿ "ਸਿੱਖਾਂ ਨੇ ਚੋਰੀ ਨਹੀਂ ਸਿਖੀ ਅਤੇ ਨਾ ਹੀ ਉਹ ਕਿਸੇ ਦੀ ਧੀ ਭੈਣ ਦੀ ਇਜ਼ਤ ਨੂੰ ਹਥ ਪਾਉਂਦੇ ਹਨ। ਅਜਿਹਾ ਕਰਨਾ ਇਹਨਾਂ ਨੂੰ ਧਰਮ ਵਲੋਂ ਵਿਵਰਜਤ ਹੈ ਅਤੇ ਹਰ ਸਿੱਖ ਇਸ ਰਹਿਤ ਵਿਚ ਪੂਰਾ ਸੂਰਾ ਹੈ।" ਕਾਜ਼ੀ ਨੂਰ ਮੁਹੰਮਦ ਦੇ ਵਿਚਾਰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਸਿੰਘ ਧਰਮ ਦੀ ਆਨ ਤੇ ਸ਼ਾਨ ਲਈ ਕਿਸ ਤਰ੍ਹਾਂ ਸੂਰਮਿਆਂ ਵਾਂਗ ਜੰਗਾਂ ਵਿਚ ਜੂਝਦੇ ਰਹੇ ਹਨ ਅਤੇ ਉੱਚ ਪਾਏ ਦੇ ਇਖ਼ਲਾਕੀ ਜੀਵਨ ਦੇ ਐਸੇ ਧਾਰਨੀ ਸਨ ਕਿ ਦੁਸ਼ਮਣ ਵੀ ਉਨ੍ਹਾਂ ਦੀ ਤਾਰੀਫ਼ ਕੀਤੇ ਬਗ਼ੈਰ ਨਾ ਰਹਿ ਸਕਿਆ।



www.AKJ.Org

ਅਜ ਦਾ ਤਾਜ਼ਾ ਇਤਿਹਾਸ ਵੀ ਇਹ ਸਾਬਤ ਕਰਦਾ ਹੈ ਕਿ ਧਰਮ ਦੀ ਸ਼ਾਨ ਲਈ ਸਿਖ ਆਪਣੀ ਜਾਨ ਦੀ ਬਾਜ਼ੀ ਲਾ ਦੇਣਾ ਬਿਲਕੁਲ ਹੀ ਨਿਗੂਣੀ ਗੱਲ ਸਮਝਦੇ ਹਨ। ੧੩ ਅਪ੍ਰੈਲ ੧੯੭੮ ਨੂੰ ਨਿਰੰਕਾਰੀਆਂ ਵਲੋਂ ਅੰਮ੍ਰਿਤਸਰ ਵਿਖੇ ਨਿਹੱਥੇ ਤੇ ਸ਼ਾਂਤਮਈ ਸਿੰਘਾਂ ਉਤੇ ਭਾਰੀ ਕਾਤਲਾਨਾ ਹਮਲਾ ਜਿਥੇ ਉਹਨਾਂ ਵਲੋਂ ਸੀਨਾ-ਜ਼ੋਰੀ ਦਾ ਹੋਛਾ ਪ੍ਰਗਟਾਵਾ ਹੈ ਉਥੇ ਸਿੰਘਾਂ ਵਲੋਂ ਆਪਣੇ ਧਰਮ ਦੀ ਪਵਿਤਰਤਾ ਬਰਕਰਾਰ ਰਖਣ ਲਈ ਸ਼ਹੀਦੀਆਂ ਦੇਣਾ ਇਸ ਗੱਲ ਦਾ ਲਖਾਇਕ ਹੈ ਕਿ ਕੌਮ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੁਝਾਰੂ ਸਪਿਰਟ ਕਾਇਮ ਹੈ। ਮੈਂ ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਦੇ ਇਕ ਜ਼ਖਮੀ ਸਿੰਘ ਨੂੰ ਮਿਲਿਆ ਅਤੇ ਇਸ ਗੱਲ ਤੇ ਖੁਸ਼ੀ ਅਨੁਭਵ ਕੀਤੀ ਕਿ ਉਹ ਬਚ ਗਿਆ ਹੈ; ਪਰ ਉਹ ਮੇਰੀ ਖੁਸ਼ੀ ਵਿਚ ਸ਼ਰੀਕ ਨਾ ਹੋਇਆ, ਕਿਉਂਕਿ ਉਸ ਦੇ ਚਿਹਰੇ ਤੇ ਮੇਰੇ ਇਹ ਸ਼ਬਦ ਕਹਿਣ ਤੇ ਵੀ ਪਰੇਸ਼ਾਨੀ ਸੀ। ਮੈਂ ਕਾਰਨ ਪੁਛਿਆ ਤਾਂ ਉਸ ਨੇ ਕਿਹਾ— "ਮੈਨੂੰ ਧਰਮ ਦੀ ਸ਼ਾਨ ਖਾਤਰ ਸ਼ਹੀਦ ਹੋਣ ਦਾ ਮੌਕਾ ਮਿਲਿਆ ਸੀ, ਪਰ ਅਕਾਲ ਪੁਰਖ ਨੂੰ ਸ਼ਾਇਦ ਮੈਂ ਇਸ ਯੋਗ ਨਹੀਂ ਲੱਗਿਆ, ਮੇਰੇ ਕੁਝ ਸਾਥੀ ਸ਼ਹੀਦੀ ਪ੍ਰਾਪਤ ਕਰ ਕੇ ਅਕਾਲ ਪੁਰਖ ਦੀ ਗੋਦ ਵਿਚ ਬਿਰਾਜਮਾਨ ਹੋ ਗਏ ਹਨ ਅਤੇ ਮੈਂ ਫਿਰ ਉਥੇ ਦਾ ਉਥੇ ਹੀ ਰਹਿ ਗਿਆ ਹਾਂ।" ਸਿਦਕੀ ਸਿੰਘ ਦੇ ਇਹ ਸ਼ਬਦ ਗੁਰ-ਸਿੱਖੀ ਜੀਵਨ ਦੀ ਤਰਜਮਾਨੀ ਕਰਦੇ ਹਨ ਕਿ ਸਿੱਖ ਲਈ ਜੀਵਨ ਤੇ ਮੌਤ ਇਕ ਸਮਾਨ ਹਨ।

ਅਹਿਮਦ ਸ਼ਾਹ ਅਬਦਾਲੀ ਨੇ ਵਡੇ ਘਲੂਘਾਰੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਕੀਤੇ ਅਤੇ ਬੜੇ ਸੰਤੋਖ ਤੇ ਅਭਿਮਾਨ ਨਾਲ ਕਿਹਾ ਕਿ ਮੈਂ ਸਿੱਖਾਂ ਦਾ ਸਰਵਨਾਸ਼ ਕਰ ਚਲਿਆ ਹਾਂ। ਉਸ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਦਿਤਾ, ਪਵਿਤਰ ਸਰੋਵਰ ਨੂੰ ਪੂਰ ਦਿਤਾ, ਉਸ ਵਿਚ ਗਊਆਂ ਵਢ ਕੇ ਸੁਟੀਆਂ ਅਤੇ ਉਸ ਉਤੇ ਕਣਕ ਬੀਜ ਦਿਤੀ ਗਈ। ਤੇ ਇਸ ਤਰ੍ਹਾਂ ਜੋ ਕੁਝ ਉਹ ਕਰ ਸਕਦਾ ਸੀ, ਉਸ ਨੇ ਕੀਤਾ। ਇਤਿਹਾਸ ਦਸਦਾ ਹੈ ਕਿ ਗੁਰੂ ਦੇ ਦੁਲਾਰਿਆਂ ਨੇ ਮਨ-ਆਈਆਂ ਕਰਨ ਵਾਲੇ ਅਜਿਹੇ ਜਰਵਾਣੇ ਨੂੰ ਨਾਲ ਦੀ ਨਾਲ ਹੀ ਮਜ਼ਾ ਚਖਾ ਦਿਤਾ। ਉਸ ਨੇ ਅਜੇ ਝਨਾਂ ਦਰਿਆ ਵੀ ਨਹੀਂ ਸੀ ਟਪਿਆ ਕਿ ਉਸ ਦਾ ਸਭ ਕੁਝ ਲੁਟ ਲਿਆ— ਹਜ਼ਾਰਾਂ ਅਬਲਾ ਲੜਕੀਆਂ ਉਸ ਪਾਸੋਂ ਖੋਹ ਕੇ ਉਹਨਾਂ ਦੇ ਮਾਪਿਆਂ ਤਕ ਪਹੁੰਚਾਈਆਂ ਗਈਆਂ, ਅਹਿਮਦ ਸ਼ਾਹ ਅਬਦਾਲੀ ਦੇ ਲੜਕੇ ਨੂੰ ਮਾਰ ਦਿਤਾ ਗਿਆ। ਅਬਦਾਲੀ ਖ਼ੁਦ ਅਜਿਹਾ ਜ਼ਖ਼ਮੀ ਹੋਇਆ ਕਿ ਉਸ ਨੂੰ ਆਪਣੀ ਸੁਧ ਬੁਧ ਨਾ ਰਹੀ। ਸਿੱਖਾਂ ਉਸ ਦੇ ਫੌਜੀ ਪਕੜ ਕੇ ਸ੍ਰੀ ਅੰਮ੍ਰਿਤਸਰ ਲਿਆਂਦੇ,ਉਨ੍ਹਾਂ ਪਾਸੋਂ ਹੀ ਸਰੋਵਰ ਸਾਹਿਬ ਦੀ ਸਫਾਈ ਕਰਵਾਈ ਗਈ ਅਤੇ ਦੋ ਸਾਲ ਦੇ ਅਰਸੇ ਦੇ ਵਿਚ ਹੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਫਿਰ ਉਸਾਰਿਆ ਤੇ ਕਾਰਜ ਦੀ ਸੰਪੂਰਨਤਾ ਉਪ੍ਰੰਤ ਸਾਰੇ ਕੈਦੀਆਂ ਨੂੰ ਮਾਫ ਕਰ ਕੇ ਉਹਨਾਂ ਦੀ ਜਾਨ ਬਖਸ਼ ਦਿਤੀ ਅਤੇ ਉਹਨਾਂ ਨੂੰ ਆਪਣੇ ਦੇਸ਼ ਪਰਤਣ ਦੀ ਖੁਲ੍ਹ ਦੇ ਦਿਤੀ।

ਜਦ ਅਬਦਾਲੀ ਨੂੰ ਇਹ ਸਾਰਾ ਕੁਝ ਪਤਾ ਲਗਿਆ ਤਾਂ ਉਸ ਨੇ ਕਿਹਾ ਕਿ "ਸਿਖਾਂ ਨੂੰ ਜਿੱਤਣ ਲਈ ਉਸ ਨੂੰ ਉਤਨੀ ਦੇਰ ਤਕ ਇੰਤਜ਼ਾਰ ਕਰਨੀ ਪਵੇਗੀ ਜਦ ਤਕ ਕਿ ਇਹਨਾਂ ਦਾ ਧਾਰਮਕ ਜਜ਼ਬਾ ਠੰਡਾ ਨਹੀਂ ਪੈ ਜਾਂਦਾ।" ਅਬਦਾਲੀ ਨੂੰ ਇਹ ਸਮਾਂ ਨਸੀਬ ਨਾ ਹੋਇਆ ਤੇ ਆਖ਼ਰ ਉਸ ਨੂੰ ਹਿੰਦੁਸਤਾਨ ਜਿੱਤਣ ਦੇ ਮਨਸੂਬੇ ਤਰਕ ਕਰਨੇ ਪਏ। ਉਸ ਨੂੰ ਇਸ ਗੱਲ ਦਾ ਅਹਿਸਾਸ ਨਾ ਹੋ ਸਕਿਆ ਕਿ ਦਸਾਂ ਸਤਿਗੁਰਾਂ ਦੀ ਅਸਲੀ ਤੇ ਅਧਿਆਤਮਕ ਸਿਖਿਆ ਤੋਂ ਇਲਾਵਾ ਸਿੱਖਾਂ ਦੇ ਵਿਰਸੇ ਵਿਚ ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਹਨ, ਜੋ ਉਨ੍ਹਾਂ ਨੂੰ ਹਮੇਸ਼ਾ ਹਮੇਸ਼ਾ ਲਈ ਧਾਰਮਕ ਜਜ਼ਬੇ ਤੋਂ ਸਰਸ਼ਾਰ ਕਰੀ ਰਖਣਗੇ — ਫਿਰ ਇਹ ਉਡੀਕ ਕਰਨੀ ਕਿ ਸਿੱਖਾਂ ਦਾ ਧਾਰਰਕ ਜਜ਼ਬਾ ਠੰਡਾ ਹੋਣ ਤੇ ਹੀ ਕੋਈ ਅਗਲੇਰੀ ਕਾਰਵਾਈ ਕੀਤੀ ਜਾਵੇਗੀ, ਸਿਰਫ ਆਪਣੇ ਆਪ ਨੂੰ ਤੇ ਆਪਣੀ ਹਾਰ ਨੂੰ ਸ਼ਰਮਸਾਰੀ ਤੋਂ ਬਚਾਣ ਦੀ ਹੀ ਗੱਲ ਸੀ। ਸੂਰਜ ਦੀ ਤਪਸ਼ ਤਾਂ ਸਮਾਂ ਪੈ ਕੇ ਠੰਡੀ ਹੋ ਸਕਦੀ ਹੈ, ਪਰ ਸਿੱਖਾਂ ਦਾ ਧਾਰਮਕ ਜਜ਼ਬਾ ਠੰਡਾ ਨਹੀਂ ਪੈ ਸਕਦਾ। ਜਦ ਕਿਸੇ ਨੇ ਵੀ ਇਸ ਜਜ਼ਬੇ ਨੂੰ ਕਿਸੇ ਵੇਲੇ ਅਜ਼ਮਾਇਆ ਹੈ, ਪੂਰਾ ਹੀ ਪਾਇਆ ਹੈ।

ਦਸ ਗੁਰੂ ਸਾਹਿਬਾਨ ਅਤੇ ਸਿੱਖ ਫਲਸਫੇ ਬਾਰੇ ਹੁਣ ਬਿਦੇਸ਼ੀ ਭਾਸ਼ਾਵਾਂ ਵਿਚ ਵੀ ਲਿਖਤਾਂ ਉਪਲਭਤ ਹੋ ਜਾਣ ਕਾਰਨ ਬਾਹਰੀ ਦੁਨੀਆ ਵਿਚ ਵੀ ਸਿੱਖੀ ਬਾਰੇ ਸੋਝੀ ਵਧ ਰਹੀ ਹੈ। ਅਮਰੀਕਾ ਵਿਚ ਭਾਈ ਸਾਹਿਬ


www.AKJ.Org

ਹਰਭਜਨ ਸਿੰਘ ਜੀ ਦੇ ਉਦਮਾਂ ਨਾਲ ਭਾਰੀ ਗਿਣਤੀ ਵਿਚ ਅਮਰੀਕਨ ਲੋਕ ਸਿੰਘ ਸਜ ਚੁਕੇ ਹਨ ਅਤੇ ਭਾਰੀ ਸੰਖਿਆ ਵਿਚ ਸਜ ਰਹੇ ਹਨ ।

ਵਖ ਵਖ ਪਛਮੀ ਵਿਚਾਰਵਾਨਾਂ ਤੇ ਦਾਰਸ਼ਨਿਕਾਂ ਨੇ ਸਿੱਖ ਧਰਮ ਦਾ ਅਧਿਐਨ ਕਰਨ ਉਪ੍ਰੰਤ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕੀਤੇ ਹਨ :

(੧) ਸ੍ਰੀ ਐਚ ਐਲ. ਬਰਾਡਸ਼ਾਹ ਸਿੱਖ ਧਰਮ ਬਾਰੇ ਲਿਖਦਿਆਂ ਹੋਇਆਂ ਕਹਿੰਦੇ ਹਨ, ਕਿ "ਇਹ ਧਰਮ ਸਾਇੰਸ ਦੀ ਕਸਵਟੀ ਉੱਤੇ ਵੀ ਪੂਰਾ ਉਤਰਦਾ ਹੈ, ਇਸ ਲਈ ਭਵਿਖ ਦੇ ਮਨੁਖ ਲਈ 'ਸਿੱਖ ਧਰਮ' ਹੀ ਆਖਰੀ ਆਸ ਤੇ ਸਹਾਰਾ ਹੋਵੇਗਾ।"

(੨) (ਲੇਡੀ ਡਰੋਪਟੀ ਫੀਲਡ) "ਰੀਲੀਜਨ ਆਫ ਸਿਖਸ" ਨਾਮੀ ਪੁਸਤਕ ਵਿਚ ਲਿਖਦੀ ਹੈ – "ਪੱਛਮ ਵਿਚ ਰਹਿੰਦੇ ਅਮਲੀ ਕਿਸਮ ਦੇ ਲੋਕਾਂ ਨੂੰ ਸਿੱਖ ਧਰਮ ਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ, ਕਿਉਂਕਿ ਇਸ ਵਿਚ ਹੋਰ ਗੱਲਾਂ ਦੇ ਨਾਲ ਨਾਲ ਅਮਲੀ ਜੀਵਨ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ।"

(੩) ਇੰਗਲੈਂਡ ਦੇ ਸੁਪ੍ਰਸਿਧ ਦਾਰਸ਼ਨਿਕ ਸ੍ਵਰਗਵਾਸੀ ਰਸਲ ਲਿਖਦੇ ਹਨ–"ਜੇ ਕਰ ਐਟਮ ਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੋਈ ਖੁਸ਼ਕਿਸਮਤ ਬਚ ਨਿਕਲਿਆ ਤਾਂ ਉਸ ਨੂੰ ਸੇਧ ਦੇਣ ਲਈ ਸਿਖ ਧਰਮ ਹੀ ਇਕੋ ਇਕ ਵਸੀਲਾ ਹੋਵੇਗਾ।"

(੪) ਅੰਗਰੇਜ਼ਾਂ ਨੇ ਆਪਣੇ ਰਾਜ ਸਮੇਂ ਸਿਖ ਧਰਮ ਦਾ ਗਹਿਰਾ ਅਧਿਐਨ ਕੀਤਾ ਤੇ ਮਹਿਸੂਸ ਕੀਤਾ ਕਿ ਇਹ ਫਲਸਫਾ ਇਨਸਾਨੀ ਜ਼ਿੰਦਗੀ ਨੂੰ ਬੜਾ ਸੰਤੁਲਤ, ਆਤਮਕ, ਸਮਾਜਕ ਤੇ ਭਾਈਚਾਰਕ ਜੀਵਨ ਪ੍ਰਦਾਨ ਕਰਦਾ ਹੈ, ਇਸ ਲਈ ਕੋਸ਼ਿਸ਼ ਕੀਤੀ ਜਾਵੇ ਕਿ ਅਨਪੜ੍ਹ ਸਿਖਾਂ ਤੇ ਹੋਰ ਲੋਕਾਂ ਵਿਚ ਇਸ ਦੇ ਸਹੀ ਤੱਥਾਂ ਦੀ ਥਾਂ ਤੇ ਅਜਿਹੇ ਤੱਥ ਤਰੋੜ ਮਰੋੜ ਕੇ ਪੇਸ਼ ਕੀਤੇ ਜਾਣ ਕਿ ਕੋਈ ਉਘੜਵੀਂ ਤਸਵੀਰ ਨਾ ਬਣ ਸਕੇ। ਇਸ ਕੰਮ ਲਈ ਮਿਸ ਮੈਰੀ ਨਾਮੀ ਇਕ ਗੋਰੀ ਇਸਤਰੀ ਨੂੰ ਚੁਣਿਆ ਗਿਆ, ਜਿਸ ਦੇ ਜ਼ਿਮੇ ਇਹ ਡਿਊਟੀ ਲਾਈ ਗਈ ਕਿ ਉਹ ਗੁਰਬਾਣੀ ਦੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰੇ। ਜਦ ਮਿਸ ਮੈਰੀ ਨੇ ਗਹੁ ਨਾਲ ਸਿਖਾ ਧਰਮ ਦਾ ਅਧਿਐਨ ਕੀਤਾ ਤਾਂ ਉਹ ਇਤਨੀ ਪ੍ਰੇਰਤ ਹੋਈ ਕਿ ਉਹ ਖ਼ੁਦ ਸਿੰਘ ਸਜ ਗਈ।

(੫) ਖ਼ੁਦ ਹਿੰਦੁਸਤਾਨ ਵਿਚ ਟੈਗੋਰ ਪ੍ਰਵਾਰ ਨੇ ਸਿਖ ਧਰਮ ਦੇ ਅਧਿਐਨ ਮਗਰੋਂ ਆਪਣੇ ਜੀਵਨ ਨੂੰ ਇਸ ਤਰ੍ਹਾਂ ਢਾਲਿਆ ਕਿ ਉਸ ਵਿਚੋਂ ਸਿਖੀ ਧਰਮ ਦੇ ਬਿਹਤਰੀਨ ਅਸੂਲਾਂ ਦੀ ਖੁਸ਼ਬੂ ਆਉਣ ਲਗ ਪਈ। ਭਾਰਤ ਦੇ ਇਕੋ ਇਕ ਸਾਹਿਤ ਦੇ ਨੋਬਲ ਪੁਰਸਕਾਰ ਜੇਤੂ ਸ੍ਰੀ ਰਾਬਿੰਦਰ ਨਾਥ ਜੀ ਟੈਗੋਰ ਅਤੇ ਉਨ੍ਹਾਂ ਦੇ ਪੂਜਯ ਪਿਤਾ ਜੀ ਗੁਰਬਾਣੀ-ਕੀਰਤਨ ਦੇ ਉਪਾਸ਼ਕ ਸਨ। ਬੰਗਾਲ ਦੇ ਇਕ ਹੋਰ ਉਚ ਕੋਟੀ ਦੇ ਲੇਖਕ ਜੈਨਿੰਦਰ ਮੋਹਨ ਨੇ ਜਪੁਜੀ ਸਾਹਿਬ ਦਾ ਡੂੰਘਾ ਅਧਿਐਨ ਕੀਤਾ ਤੇ ਉਸ ਦਾ ਬੰਗਾਲੀ ਵਿਚ ਅਨੁਵਾਦ ਕਰਨ ਉਪਰੰਤ ਉਸ ਨੂੰ "ਗਣਗੀਤਾ" ਭਾਵ ਲੋਕਾਂ ਦੀ ਗੀਤਾ ਕਹਿ ਕੇ ਸਨਮਾਨਿਆ। ਜਪੁਜੀ ਸਾਹਿਬ ਬਾਰੇ ਆਪਣੀ ਟਿੱਪਣੀ ਦਿੰਦਿਆਂ ਹੋਇਆਂ ਉਸ ਨੇ ਕਿਹਾ ਕਿ "ਜੇ ਜਪੁਜੀ ਸਾਹਿਬ ਨੂੰ ਲੋਕਾਂ ਤਕ ਪਹੁੰਚਾਇਆ ਜਾਵੇ ਤਾਂ ਦੇਸ ਵਿਚ ਇਕ ਨਵਾਂ ਆਤਮਕ ਇਨਕਲਾਬ ਆ ਜਾਵੇਗਾ।" ਇਸੇ ਤਰ੍ਹਾਂ ਵਿਜੈ ਕ੍ਰਿਸ਼ਨ ਗੋਸਵਾਮੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ "ਭਗਤੀ ਦੀ ਸਭ ਤੋਂ ਮਹਾਨ ਪੁਸਤਕ" ਕਹਿ ਕੇ ਆਪਣੀ ਸ਼ਰਧਾ ਪ੍ਰਗਟਾਈ ਹੈ।

ਹੁਣੇ ਹੁਣੇ ਸ੍ਰੀ ਬੀ. ਐਸ. ਮੂਰਥੀ ਨੇ ਇਕ ਪੁਸਤਕ "ਅਪਰੈਸਡ ਐਂਡ ਡੀਪਰੈਸਡ" ਲਿਖੀ ਹੈ, ਜਿਸ ਵਿਚ ਉਹਨਾਂ ਨੇ ਦਲਤ ਵਰਗ ਦੀਆਂ ਸਮੱਸਿਆਵਾਂ ਦਾ ਭਰਵਾਂ ਜ਼ਿਕਰ ਕੀਤਾ ਹੈ ਅਤੇ ਆਖ਼ਰ ਵਿਚ ਹਰੀਜਨਾਂ ਨੂੰ ਇਹ ਸੁਝਾ ਦਿਤਾ ਹੈ ਕਿ ਜੇਕਰ ਉਹਨਾਂ ਨੇ ਮਾਣ, ਇੱਜ਼ਤ ਤੇ ਸੰਤੁਲਤ ਭਾਈਚਾਰੇ ਵਾਲਾ ਜੀਵਨ ਜੀਣਾ ਹੈ ਤਾਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ – ਖੰਡੇ ਦਾ ਅੰਮ੍ਰਿਤ – ਛਕ ਕੇ ਸਿੰਘ ਸਜ ਜਾਣ, ਇਸ ਤਰ੍ਹਾਂ ਉਹ ਸਦੀਆਂ ਤੋਂ ਚਲੀ ਆ ਰਹੀ ਊਚ ਨੀਚ ਦੀ ਬੀਮਾਰੀ ਤੋਂ ਬਚ ਸਕਣਗੇ।

ਗੈਰ-ਸਿਖਾਂ ਵਲੋਂ ਪ੍ਰਗਟਾਏ ਅਜਿਹੇ ਭਾਵ-ਪੂਰਕ ਸ਼ਬਦਾਂ ਵਲ ਧਿਆਨ ਦੇਣ ਤੇ ਇਸ ਗੱਲ ਦਾ

(ਬਾਕੀ ਵੇਖੋ ਸਫਾ ੨੦ ਦੇ ਹੇਠ)



www.AKJ.Org

# ਕੀ ਪੰਜ ਕਕਾਰ ਜ਼ਰੂਰੀ ਹਨ ?

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ, ਐਮ, ਏ, ਐਲ. ਐਲ. ਬੀ. ਪੀ. ਐਚ. ਡੀ.]

ਇਹ ਦੇਖਿਆ ਗਿਆ ਹੈ ਕਿ ਰਹਿਤ ਮਰਯਾਦਾ ਦੇ ਚਿੰਨ੍ਹ ਆਦਿ ਰਖਣੇ ਕੇਵਲ ਇਕਸਾਰਤਾ ਲਈ ਹੀ ਜ਼ਰੂਰੀ ਨਹੀਂ, ਸਗੋਂ ਕਾਫ਼ੀ ਹਦ ਤਕ ਜਥੇਬੰਦੀ ਦੇ ਜ਼ਬਤ ਨੂੰ ਕਾਇਮ ਰਖਣ ਲਈ ਵੀ ਜ਼ਰੂਰੀ ਹਨ। ਇਹ ਕੇਵਲ ਚਿੰਨ੍ਹ ਨਹੀਂ—ਇਹ ਜੀਉਂਦੇ ਪ੍ਰਤੀਕ ਹਨ ਉਸ ਭਾਵਨਾ ਦੇ, ਜੋ ਕਿ ਇਨ੍ਹਾਂ ਨੂੰ ਘੜਨ ਵਾਲੀ ਸ਼ਖਸੀਅਤ ਤੇ ਧਾਰਨ ਕਰਨ ਵਾਲਿਆਂ ਦੀ ਆਪੋ ਵਿਚ ਡੂੰਘੀ ਸਾਂਝ ਪਾਂਦੀ ਹੈ। ਅਜਿਹੇ ਚਿੰਨ੍ਹ ਸ਼ਰਧਾਲੂ ਸਿਖਾਂ ਸੇਵਕਾਂ ਵਾਸਤੇ ਜੀਵਨ-ਆਦਰਸ਼ ਨੂੰ ਵਧੇਰੇ ਅਸਲੀ ਤੇ ਭਾਵ-ਪੂਰਤ ਬਣਾ ਦੇਂਦੇ ਹਨ।

ਸਿੱਖੀ ਚਿੰਨ੍ਹ ਕਿਸ ਲਈ ਰਚੇ ਗਏ ਸਨ ? ਕੀ ਇਸ ਲਈ ਕਿ ਕੋਈ ਅਡਰੇਪਨ ਦੀ ਭਾਵਨਾ ਪੈਦਾ ਹੋ ਜਾਵੇ ਜਾਂ ਕੁਝ ਚੋਣਵੇਂ ਪੁਰਸ਼ ਨਿਖੜਵੇਂ ਦਿਸਣ ? ਨਹੀਂ, ਸਗੋਂ ਇਹ ਤਾਂ ਕੌਮ ਦੇ ਸਾਂਝੇ ਜੀਵਨ ਵਿਚ ਸਹਾਈ ਹੋਣ ਲਈ ਰਚੇ ਗਏ ਸਨ। ਸ਼ਾਇਦ ਇਹ ਸੰਭਵ ਹੋ ਸਕਦਾ ਹੈ ਕਿ ਮਨੁਖ ਕਿਸੇ ਰਹਿਤ ਜਾਂ ਬਾਹਰਲੇ ਚਿੰਨ੍ਹਾਂ ਦਾ ਧਾਰਨੀ ਹੋਏ ਬਗੈਰ ਹੀ ਪ੍ਰਭੂ-ਭਗਤੀ ਵਿਚ ਜੁੜ ਜਾਏ, ਪਰ ਜੇ ਉਸ ਨੇ ਜਥੇਬੰਦਕ ਕੰਮ ਕਰਨਾ ਹੈ ਤਾਂ ਉਸ ਨੂੰ ਜਥੇਬੰਦੀ ਦੀ ਰਹਿਤ ਮਰਯਾਦਾ ਦੇ ਨੇਮਾਂ ਦਾ ਪਾਲਣ ਕਰਨਾ ਹੀ ਪਵੇਗਾ। ਜਿਵੇਂ ਫ਼ੌਜੀ ਕਵੈਦ ਤੇ ਵਰਦੀ ਤੋਂ ਬਿਨਾਂ ਵੀ ਕੋਈ ਚੰਗਾ ਯੋਧਾ ਹੋ ਸਕਦਾ ਹੈ, ਪਰ ਇਸ ਨਾਲ ਬਾਕਾਇਦਾ ਫ਼ੌਜ ਦੀ ਲੋੜ ਘਟ ਨਹੀਂ ਜਾਂਦੀ, ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ, ਗੁਰੂ ਜੀ ਵਲੋਂ ਹੁਕਮ ਕੀਤੇ ਹੋਏ ਕਕਾਰਾਂ ਤੇ ਰਹਿਤ ਦੇ ਪੱਕੇ ਧਾਰਨੀ ਹੋਏ ਬਿਨਾਂ ਸਿਖ ਨਹੀਂ ਅਖਵਾ ਸਕਦੇ। ਉਹ ਸਮਝਦੇ ਹਨ ਕਿ ਇਹ ਰਹਿਤ ਮਰਯਾਦਾ ਪੰਥ ਨੂੰ ਜਥੇਬੰਦ ਰੂਪ ਦੇਣ ਵਿਚ ਬਹੁਤ ਸਹਾਈ ਹੈ।

ਇਤਿਹਾਸ ਦਸਦਾ ਹੈ ਕਿ ਜਦੋਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਮਨੁਖ ਤੇ ਪ੍ਰਸੰਨ ਹੁੰਦੇ ਤਾਂ ਉਹ ਉਸ ਨੂੰ ਖਾਲਸਾ ਪੰਥ ਵਿਚ ਸ਼ਾਮਲ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ। ਲਛਮਨ ਦਾਸ ਬੈਰਾਗੀ ਬੰਦਾ ਸਿੰਘ ਬਣ ਗਿਆ। ਕਿਹਾ ਜਾਂਦਾ ਹੈ ਕਿ ਖਾਲਸੇ ਦੀ ਸਾਜਨਾ ਤੋਂ ਬਾਅਦ ਕੁਝ ਹੀ ਮਹੀਨਿਆਂ ਵਿਚ ਅੱਸੀ ਹਜ਼ਾਰ ਸਿੱਖਾਂ ਨੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ।

ਇਨ੍ਹਾਂ ਪੰਜ ਕਕਾਰਾਂ ਨੇ ਹੀ ਸਿੱਖਾਂ ਨੂੰ ਸੰਗਠਿਤ ਰਖਿਆ ਹੈ। ਇਨ੍ਹਾਂ ਦੇ ਕਾਰਨ ਹੀ ਉਹ ਵੱਡੀਆਂ ਵੱਡੀਆਂ ਔਕੜਾਂ ਵਿਚ ਵੀ ਆਪਣੇ ਆਦਰਸ਼ ਤੋਂ ਨਹੀਂ ਡਿਗੇ। ਅਨੇਕਾਂ ਸਿੱਖਾਂ ਨੇ ਮੌਤ ਨੂੰ ਕਬੂਲ ਕਰ ਲਿਆ ਪਰ ਕੇਸ ਕਤਲ ਕਰਾਣ ਤੋਂ ਇਨਕਾਰ ਕਰ ਦਿਤਾ। ਕੇਸ ਪੰਜਾਂ ਕਕਾਰਾਂ ਤੇ ਰਹਿਤਾਂ ਵਿਚੋਂ ਸਭ ਤੋਂ ਵਧ ਮਹੱਤਤਾ ਰਖਦੇ ਹਨ। ਸਾਬਤ ਸੂਰਤ ਰਹਿੰਦੇ ਹੋਇਆਂ ਕੇਸਾਂ ਦੀ ਸੰਭਾਲ, ਪ੍ਰਭੂ ਦੀ ਰਜ਼ਾ ਵਿਚ ਜੀਵਨ ਜੀਉਣ ਦੇ ਆਸ਼ੇ ਦੀ ਪੂਰਤੀ ਹੈ। ਰੂਹਾਨੀ ਸ਼ਕਤੀ ਦੇ ਭੰਡਾਰ ਸਤਿਗੁਰੂ ਜੀ ਨਾਲ ਰੂਹਾਨੀ ਸੰਬੰਧ ਜੋੜਨ ਲਈ 'ਕੇਸ' ਇਕ ਵਸੀਲਾ ਹਨ।

ਪੰਜ ਕਕਾਰਾਂ ਦੇ ਧਾਰਨੀ ਹੋਣ ਦੇ ਨਾਲ ਨਾਲ ਇਕ ਨਮੂਨੇ ਦਾ ਰਹਿਤ ਮਰਯਾਦਾ ਵਾਲਾ ਤੇ ਆਦਰਸ਼ਕ ਜੀਵਨ ਜੀਣਾ ਬੜਾ ਜ਼ਰੂਰੀ ਹੈ। ਤਮਾਕੂ, ਕੁੱਠਾ ਮਾਸ, ਸ਼ਰਾਬ, ਨਸ਼ੇ ਦੀਆਂ ਹੋਰ ਚੀਜ਼ਾਂ ਤੇ ਵਿਭਚਾਰ ਤੋਂ ਪਰਹੇਜ਼, ਖਾਲਸਾ ਰਹਿਤ ਦੇ ਜ਼ਰੂਰੀ ਅੰਗ ਹਨ। ਨਿਰਸੰਦੇਹ ਜੀਵਨ ਦੇ ਵਿਹਾਰ ਵਿਚ ਇਹ ਜ਼ਾਬਤਾ ਔਖਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਰਹਿਤ ਦੀ ਕਦਰ ਕਰਦੇ ਸਨ। ਜਦ ਤਕ ਖਾਲਸਾ ਇਨ੍ਹਾਂ ਕਕਾਰਾਂ ਤੇ ਰਹਿਤ ਮਰਯਾਦਾ ਦਾ ਧਾਰਨੀ ਰਹੇਗਾ, ਉਹ ਚੜ੍ਹਦੀ ਕਲਾ ਵਿਚ ਵਿਚਰੇਗਾ। ਪਰ ਜੇ ਉਹ ਇਨ੍ਹਾਂ ਵਲੋਂ ਅਣਗਹਿਲੀ ਕਰੇਗਾ ਤਾਂ ਉਸ ਦਾ ਤੇਜ ਪ੍ਰਤਾਪ ਜਾਂਦਾ ਰਹੇਗਾ ਤੇ ਉਸ ਦੀ ਸ਼ੋਭਾ ਮੱਧਮ ਪੈ ਜਾਏਗੀ। ਗੁਰੂ ਜੀ ਦਾ ਕਥਨ ਹੈ :

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਉ ਇਹ ਗਹੇ ਬਿਪਰਨ ਕੀ ਰੀਤ ॥ ਮੈ ਨ ਕਰਹੁ ਇਨ ਕੀ ਪ੍ਰਤੀਤ ॥

['ਸਿੱਖੀ ਕੀ ਹੈ' ਪੁਸਤਕ ਵਿਚੋਂ



www.AKJ.Org

# "ਤਮਾਕੂ" ਬਜਰ ਕੁਰਹਿਤ ਕਿਉਂ ?

[ਵਲੋਂ :—ਸ: ਕੁੰਭੇਰ ਸਿੰਘ ਜੀ, ਬਸਤੀ ਟੈਂਕਾਂ ਵਾਲੀ, ਫ਼ੀਰੋਜ਼ਪੁਰ]

ਡਾਕਟਰਾਂ ਨੇ ਤਮਾਕੂ ਨੂੰ ਸਰੀਰ ਲਈ ਬਹੁਤ ਹਾਨੀਕਾਰਕ ਦਸਿਆ ਹੈ। ਇਸ ਦੇ ਪ੍ਰਯੋਗ ਨਾਲ ਤਪਦਿਕ, ਕੈਂਸਰ, ਦਮਾ, ਖਾਂਸੀ ਆਦਿ ਕਈ ਬਿਮਾਰੀਆਂ ਲੱਗ ਜਾਣੀਆਂ ਸਿੱਧ ਹੋਈਆਂ ਹਨ। ਇਸ ਦਾ ਸੇਵਨ ਕਰਨ ਵਾਲਾ ਇਸ ਦਾ ਅਜਿਹਾ ਆਦੀ ਹੋ ਜਾਂਦਾ ਹੈ ਕਿ ਉਹ ਇਸ ਦੇ ਨੁਕਸਾਨ ਜਾਣਦਾ ਹੋਇਆ ਵੀ ਇਸ ਦਾ ਸੇਵਨ ਕਰਨ ਲਈ ਮਜਬੂਰ ਹੁੰਦਾ ਹੈ। ਇਹ ਇਕ ਨਾ-ਮੁਰਾਦ ਨਸ਼ਾ ਹੈ, ਜੋ ਮਨੁੱਖੀ ਸਰੀਰ ਨੂੰ ਘੁਣ ਵਾਂਗੂ ਲੱਗ ਜਾਂਦਾ ਹੈ।

ਸਿੱਖ ਧਰਮ ਵਿਚ ਨਸ਼ਿਆਂ ਦੇ ਪ੍ਰਯੋਗ ਦੀ ਮਨਾਹੀ ਕੀਤੀ ਗਈ, ਜਿਵੇਂ ਕਿ :—

ਕੁਠਾ ਹੁਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ।
ਇਨ ਕੀ ਓਰ ਨ ਕਬਹੂੰ ਦੇਖੈ। ਰਹਿਤਵੰਤ ਸੋ ਸਿੰਘ ਵਿਸੇਖੈ।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਚਰਸ :—ਇਹ ਭੰਗ ਦੀ ਗੂੰਦ ਤੋਂ ਬਣਦੀ ਹੈ। ਗਾਂਜਾ :—ਭੰਗ ਦੇ ਫੁਲ, ਬੀਜ ਅਥਵਾ ਗੂੰਦ ਰਲਾ ਕੇ ਤੇ ਤਮਾਕੂ ਪਾ ਕੇ ਚਿਲਮ ਵਿਚ ਵਰਤਦੇ ਹਨ। ਟੋਪੀ—ਚਿਲਮ। ਤਾੜੀ—ਤਾੜ ਦੀ ਸ਼ਰਾਬ। ਖਾਕੂ—ਅਫੀਮ ਦਾ ਧੂੰਆਂ ਤਮਾਕੂ ਵਾਂਗ ਹੀ ਪੀਂਦੇ ਹਨ।

ਇਸ ਤਰ੍ਹਾਂ ਹੁਕਮ ਕੀਤਾ ਗਿਆ ਹੈ ਕਿ ਇਨ੍ਹਾਂ ਨਸ਼ਿਆਂ ਵਲ ਕਦੇ ਨਾ ਦੇਖਣ ਵਾਲਾ, ਭਾਵ, ਇਹਨਾਂ ਦਾ ਸੇਵਨ ਨਾ ਕਰਨ ਵਾਲਾ ਚੰਗਾ ਰਹਿਤਵਾਨ ਸਿੱਖ ਹੈ।

ਹਜ਼ੂਰੀ ਕਵੀ ਸੈਨਾਪਤੀ ਜੀ ਲਿਖਦੇ ਹਨ ਕਿ ਗੁਰਸਿੱਖ ਨੂੰ ਚਾਹੀਦਾ ਹੈ :—

ਹੁਕਾ ਤਯਾਗੇ ਹਰਿ ਗੁਣ ਗਾਵੈ।
ਇੱਛਾ ਭੋਜਨ ਹਰਿ ਰਸ ਪਾਵੈ। (ਗੁਰ ਸੋਭਾ)

ਸ਼ਰਾਬ ਬਾਰੇ ਗੁਰੂ ਅਮਰ ਦਾਸ ਜੀ ਉਪਦੇਸ਼ ਕਰਦੇ ਹਨ :—

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
[ਵਾਰ ਬਿਹਾਗੜਾ ਮ: ੩

ਗੁਰੂ ਜੀ ਝੂਠਿਆਂ ਨਸ਼ਿਆਂ ਦੇ ਮੁਕਾਬਲੇ ਤੇ ਸਚੇ ਮਦ ਦਾ ਸੰਕੇਤ ਦੇਂਦੇ ਹਨ ਕਿ ਉਹ ਸੱਚਾ ਨਸ਼ਾ ਤਾਂ ਗੁਰੂ ਦੀ ਕਿਰਪਾ ਨਾਲ ਹੀ ਪਾਇਆ ਜਾਂਦਾ ਹੈ। ਕਹਿੰਦੇ ਨੇ ਕਿ ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਭੰਗ ਪੇਸ਼ ਕੀਤੀ ਤਾਂ ਗੁਰੂ ਜੀ ਨੇ ਕਿਹਾ, ਬਾਬਰ ! ਸਾਨੂੰ ਇਸ ਭੰਗ ਦੀ ਲੋੜ ਨਹੀਂ, ਅਸੀਂ ਪ੍ਰਭੂ ਦੇ ਭੈ-ਅੱਦਬ ਦੀ ਹੀ ਭੰਗ ਆਪਣੇ ਚਿੱਤ ਰੂਪੀ ਖਲੜੀ ਵਿਚ ਰੱਖੀ ਹੋਈ ਹੈ, ਜਿਸ ਕਰਕੇ ਅਸੀਂ ਦੁਨੀਆ ਦੇ ਮਾਇਕ ਰੰਗਾਂ ਤੋਂ ਬੇਪਰਵਾਹ ਹੋ ਕੇ ਸਦਾ ਹੀ ਪ੍ਰਭੂ ਦੇ ਰੰਗ ਵਿਚ ਮਸਤ ਦੀਵਾਨੇ ਰਹਿੰਦੇ ਹਾਂ :—

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ (ਤਿਲੰਗ ਮ: ੧)

ਖਲੜੀ—ਭੰਗ ਰਖਣ ਵਾਲੀ ਚਮੜੇ ਦੀ ਗੁਥਲੀ।



www.AKJ.Org

ਗੁਰੂ ਨਾਨਕ ਦੇਵ ਜੀ ਨੇ ਝੂਠੀ ਸ਼ਰਾਬ ਦੇ ਮੁਕਾਬਲੇ ਤੇ ਸੱਚੀ ਸ਼ਰਾਬ ਪ੍ਰਾਪਤ ਕਰਨ ਦੀ ਯੁਗਤੀ ਦਸੀ ਹੈ। ਆਪ ਦਾ ਫੁਰਮਾਨ ਹੈ :—

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸੁ ਅਮਿਉ ਚੁਆਈਐ ॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ਰਹਾਉ॥
ਪੂਰਾ ਸਾਚ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥ (ਆਸਾ ਮ: ੧)

ਧਾਵੈ—ਮਹੂਏ ਦੇ ਫੂਲ। ਇਨ੍ਹਾਂ ਤੋਂ ਸ਼ਰਾਬ ਬਣਦੀ ਹੈ। ਕਸੁ—ਕਿੱਕਰ ਦੇ ਸੱਕ। ਭਵਨ—ਭਾਵ ਸਰੀਰ। ਅਮਿਉ—ਅੰਮ੍ਰਿਤ। ਗਹਿਆ—ਪਕੜਿਆ, ਭਾਵ, ਪ੍ਰਾਪਤ ਕੀਤਾ। ਛੂਛੇ—ਫੋਕੇ।

ਤਾਂ ਤੇ ਗੁਰੂ ਸਾਹਿਬ ਜੀ ਨੇ ਸ਼ਰਾਬ ਆਦਿਕ ਝੂਠੇ ਨਸ਼ਿਆ ਦੇ ਉਲਟ ਸਿਖਾਂ ਨੂੰ ਨਾਮ-ਰੱਸ ਦੇ ਅੰਮ੍ਰਿਤ ਰੂਪੀ ਸੱਚੇ ਮਦ (ਨਸ਼ੇ) ਦੀ ਪ੍ਰਾਪਤੀ ਦੀ ਯੁਗਤੀ ਦਸੀ ਹੈ। ਇਸੇ ਨੂੰ ਆਤਮ-ਰਸ ਕਿਹਾ ਗਿਆ ਹੈ, ਕਿਉਂਕਿ ਆਤਮਾ ਨੂੰ ਸਦੀਵੀ ਖੇੜੇ ਵਿਚ ਰਖਣ ਵਾਲਾ ਇਹੋ ਅੰਮ੍ਰਿਤ-ਮਈ ਨਾਮ-ਬਾਣੀ ਦਾ ਸੱਚਾ ਅਤੇ ਮਿਠਾ ਰਸ ਹੈ। ਇਸ ਆਤਮ-ਰੱਸ ਦੇ ਅਨੁਭਵੀ ਨੂੰ ਗੁਰੂ ਜੀ ਨੇ ਖਾਲਸਾ ਦੇਵ ਕਹਿ ਕੇ ਵਡਿਆਇਆ ਹੈ, ਅਤੇ ਦਸਿਆ ਹੈ ਕਿ ਪ੍ਰਭੂ, ਮੇਰੇ ਅਤੇ ਉਸ ਆਤਮ ਰੱਸ ਦੇ ਅਨੁਭਵੀ ਖਾਲਸੇ ਵਿਚ ਕੋਈ ਭਿੰਨ-ਭੇਦ ਨਹੀਂ ਹੈ, ਅਜਿਹਾ ਖਾਲਸਾ ਗੁਰੂ ਨਾਲ ਇੱਕ ਮਿੱਕ ਹੋ ਕੇ ਗੁਰੂ ਰੂਪ ਹੀ ਹੋ ਜਾਂਦਾ ਹੈ, ਜਿਵੇਂ ਦਸਮ ਗੁਰੂ ਜੀ ਫੁਰਮਾਂਦੇ ਹਨ :—

ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।
ਪ੍ਰਭ ਮੈ ਮੋ ਮੈ ਤਾਸ ਮੈ ਰੰਚਕ ਨਾਹਿਨ ਭੇਵ।

ਇਸ ਲਈ ਹੁਕਮ ਹੈ :—ਗੁਰੂ ਕਾ ਸਿੱਖ ਸ਼ਰਾਬ ਕਬੀ ਨਾ ਪੀਵੇ।

[ਰਹਿਤਨਾਮਾ ਭਾ: ਚੌਪਾ ਸਿੰਘ

ਭਾਈ ਕੇਸਰ ਸਿੰਘ ਜੀ ਵੀ ਲਿਖਦੇ ਹਨ :—

ਸ਼ਰਾਬ ਤਮਾਕੂ ਜੂਆ ਚੋਰੀ ਯਾਰੀ ਇਨ ਸੋ ਹੇਤ ਨ ਕਰੈ। (ਬੰਸਾਵਲੀਨਾਮਾ)

ਸੋ ਇਸ ਲਈ ਗੁਰਬਾਣੀ ਅਤੇ ਰਹਿਤਨਾਮਿਆਂ ਅਨੁਸਾਰ ਨਸ਼ਿਆਂ ਦੀ ਨਿਖੇਧੀ ਕੀਤੀ ਗਈ ਹੈ। ਇਹ ਨਸ਼ੇ ਸਿਹਤ ਲਈ ਵੀ ਹਾਨੀਕਾਰਕ ਹੁੰਦੇ ਨੇ ਤੇ ਵਾਧੂ ਅਤੇ ਫਜ਼ੂਲ ਖਰਚ ਦਾ ਵੀ ਬੋਝ ਪਾਂਦੇ ਹਨ। ਗੁਰਸਿਖਾਂ ਨੂੰ ਇਹਨਾਂ ਝੂਠੇ ਨਸ਼ਿਆਂ ਤੋਂ ਬੱਚ ਕੇ ਨਾਮ ਬਾਣੀ ਦੇ ਸੱਚ ਰੱਸ ਦੇ ਧਾਰਨੀ ਹੋ ਕੇ ਸਦੀਵੀ ਤੋਰ ਤੇ ਖੀਵੇ ਅਤੇ ਖੇੜੇ ਵਿਚ ਰਹਿਣਾ ਚਾਹੀਦਾ ਹੈ। ਜਿਵੇਂ ਕਿ ਭਾਈ ਵੀਰ ਸਿੰਘ ਜੀ ਕਥਨ ਕਰਦੇ ਹਨ :—

"ਅਜੇ ਪੀ ਤੇ ਹੁਣ ਹੀ ਪੀ ਤੇ ਪੀਂਦਾ ਪੀਂਦਾ ਜਾਈਂ।
ਪਿਰਮ ਰਸਾਂ ਦੇ ਪਿਆਲੇ ਨਾਲੋਂ ਲਾਏ ਬੁਲ੍ਹ ਨ ਚਾਈਂ।
ਹਰ ਦਮ ਪੀ ਤੇ ਖੀਵਾ ਹੋ ਰਹੁ ਇਹ ਮਸਤੀ ਨਾ ਉਤਰੇ।
ਕਲ ਨੂੰ ਖਬਰੇ ਕਾਲ ਆਏ ਕੇ ਦੇਵੇ ਖਾਕ ਰਲਾਈ। (ਲਹਿਰਾਂ ਦੇ ਹਾਰ)

ਪਰ ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਦ ਨਸ਼ੇ ਸਾਰੇ ਹੀ ਵਰਜਿਤ ਹਨ ਤਾਂ ਫਿਰ ਕੇਵਲ ਤਮਾਕੂ ਨੂੰ ਹੀ ਕਿਉਂ ਬੱਜਰ ਕੁਰਹਿਤਾਂ ਵਿਚ ਸ਼ਾਮਲ ਕੀਤਾ ਗਿਆ ?

ਗੁਰਬਾਣੀ ਵਿਚ ਸ਼ਰਾਬ ਤੇ ਹੋਰ ਨਸਿਆਂ ਦੀ ਮਨਾਹੀ ਬਾਰੇ ਅਨੇਕਾਂ ਥਾਈਂ ਸਪੱਸ਼ਟ ਰੂਪ ਵਿਚ ਹੁਕਮ ਮਿਲਦੇ ਹਨ। ਉਨ੍ਹਾਂ ਹੁਕਮਾਂ ਦੇ ਹੁੰਦਿਆਂ ਹੋਇਆਂ ਦਸਮ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਮੁੜ ਕੇ ਦੁਹਰਾਣ ਦੀ ਲੋੜ ਨਾ ਸਮਝੀ, ਕਿਉਂਕਿ ਉਸ ਸਮੇਂ ਗੁਰਮੁਖ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਨ੍ਹਾਂ ਹੁਕਮਾਂ ਨੂੰ ਪੜ੍ਹਦਾ,



www.AKJ.Org

ਵੀਚਾਰਦਾ ਤੇ ਅਮਲੀ ਜੀਵਨ ਵਿਚ ਕਮਾਂਵਦਾ ਆ ਰਿਹਾ ਸੀ।

ਗੁਰਬਾਣੀ ਵਿਚ ਜਿਵੇਂ ਨਸ਼ਿਆਂ ਤੋਂ ਬਚਣ ਲਈ ਬੜੀ ਸਖਤ ਤਾੜਨਾ ਕੀਤੀ ਹੋਈ ਹੈ ਓਵੇਂ ਹੀ ਪਰ-ਤ੍ਰਿਆ ਗਮਨ ਲਈ ਵੀ ਅਤਿ ਕਰੜੇ ਸ਼ਬਦਾਂ ਵਿਚ ਇਉਂ ਵਰਜਨਾ ਕੀਤੀ ਹੋਈ ਮਿਲਦੀ ਹੈ—

ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ, ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥

[ਮਾਰੂ ਮਹਲਾ ੫, ਪੰਨਾ ੧੦੦੧

ਗੁਰਬਾਣੀ ਦੇ ਅਜਿਹੇ ਸਪੱਸ਼ਟ ਹੁਕਮਾਂ ਦੀ ਰੋਸ਼ਨੀ ਵਿਚ ਪਰ ਤ੍ਰਿਆ ਗਮਨ ਅਤੇ ਸ਼ਰਾਬ ਭੰਗ ਆਦਿ ਨਸ਼ਿਆਂ ਦੀ ਬੁਰਾਈ ਤੋਂ ਖਾਲਸਾ ਚੰਗੀ ਤਰ੍ਹਾਂ ਜਾਣੂ ਸੀ। ਦਸਮ ਪਾਤਸ਼ਾਹ ਜੀ ਦੇ ਸਮੇਂ ਤਮਾਕੂ ਦੀ ਇਕ ਨਵੀਂ ਬੁਰਾਈ ਸਾਰੇ ਦੇਸ਼ ਵਿਚ ਪਰਚਲਤ ਹੋ ਕੇ ਬੁਰੀ ਤਰ੍ਹਾਂ ਫੈਲ ਰਹੀ ਸੀ। ਉਹ ਜਾਣਦੇ ਸਨ ਕਿ ਇਹ ਸਿਹਤ ਲਈ ਸਖ਼ਤ ਹਾਨੀਕਾਰਕ ਹੈ, ਪਰਮਾਰਥ ਦੇ ਰਾਹ ਵਿਚ ਭਾਰੀ ਰੋੜਾ ਹੈ ਅਤੇ ਫੌਜੀ ਜੀਵਨ ਲਈ ਅਤੀ ਘਾਟੇਵੰਦਾ ਸੌਦਾ ਹੈ। ਗੁਰੂ ਕਾ ਸਿਖ ਤਾਂ ਅਠੇ ਪਹਿਰ ਨਾਮ-ਸਿਮਰਨ ਦੇ ਉਚੇ ਰੰਗ ਵਿਚ ਵਿਗਸਦਾ ਹੈ, ਪਰ ਤਮਾਕੂ ਸਿਗਰਟਾਂ ਦਾ ਆਦੀ ਹਰ ਵੇਲੇ ਇਨ੍ਹਾਂ ਦੇ ਸੂਟੇ ਲਾਹੁੰਦਾ ਹੋਇਆ ਹੀ ਆਪਣਾ ਕੀਮਤੀ ਵਕਤ, ਕੀਮਤੀ ਸਿਹਤ ਅਤੇ ਮਾਇਆ ਗੁਆ ਕੇ ਆਲਸ, ਸੁਸਤੀ ਤੇ ਬਦਬੋ ਸਹੇੜਦਾ ਰਹਿੰਦਾ ਹੈ ਅਤੇ ਜਦ ਕਦੇ ਤਮਾਕੂ ਦੀ ਤੋਟ ਆ ਜਾਵੇ ਤਾਂ ਸਾਹ-ਸੱਤ ਹੀਣ ਹੋ ਜਾਂਦਾ ਹੈ। ਅਜਿਹੇ ਬੰਦੇ ਜੰਗਾਂ-ਜੁਧਾਂ ਵਿਚ ਕਿਵੇਂ ਤਤਪਰ ਹੋ ਕੇ ਲੜ ਸਕਦੇ ਹਨ ? ਫਿਰ ਜੰਗਾਂ-ਜੁਧਾਂ ਵਿਚ ਰੈਣ-ਬਸੇਰੇ ਕਰਨੇ ਪੈਂਦੇ ਸਨ, ਉਥੇ ਹੁੱਕੇ ਬੀੜੀਆਂ ਸੇਵਨ ਵਾਲਿਆਂ ਦੀ ਤੁਫੈਲ ਕਈ ਵਾਰੀ ਤੰਬੂਆਂ ਜਾਂ ਹੋਰ ਬਸਤਰਾਂ ਆਦਿ ਨੂੰ ਅੱਗ ਲਗ ਜਾਣ ਦਾ ਖ਼ਤਰਾ ਵੀ ਉਨ੍ਹਾਂ ਲੋਕਾਂ ਨੂੰ ਸਹੇੜਨਾ ਪੈਂਦਾ ਸੀ।

ਸੁਜਾਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣੇ ਸਾਜੇ ਨਿਵਾਜੇ ਖਾਲਸੇ ਨੂੰ ਇਸ ਖ਼ਤਰਨਾਕ ਘ੍ਰਿਣਤ ਵਸਤੂ ਤੋਂ ਬਚਾਉਣ ਲਈ ਚਾਰ ਬਜਰ ਕੁਰਹਿਤਾਂ ਵਿਚ ਸ਼ਾਮਲ ਕਰ ਦਿਤਾ ਅਤੇ ਹੁਕਮ ਕਰ ਦਿਤਾ ਕਿ ਇਸ ਨੂੰ ਕਿਸੇ ਰੂਪ ਵਿਚ ਵੀ ਸੇਵਨ ਕਰਨ (ਵਰਤਣ ਵਾਲਾ) ਸਿਖ ਨਹੀਂ, ਉਹ ਪਤਿਤ ਹੈ, ਉਹ ਸਿਖੀਓਂ ਖਾਰਜ ਹੈ।

---

(ਸਫਾ ੧੬ ਦੀ ਬਾਕੀ)

ਅਹਿਸਾਸ ਹੋ ਜਾਣਾ ਚਾਹੀਦਾ ਹੈ ਕਿ ਸਿੱਖੀ ਇਕ ਅਜਿਹਾ ਧਰਮ ਹੈ ਜਿਹੜਾ ਸਾਰੀ ਮਨੁੱਖਤਾ ਲਈ ਹੈ। ਸਿੱਖ ਦੀ ਅਰਦਾਸ ਵਿਚ ਸਰਬੱਤ ਦੇ ਭਲੇ ਦੀ ਗੱਲ ਹੁੰਦੀ ਹੈ, ਉਸ ਵਿਚ ਫਿਰਕਾ-ਪ੍ਰਸਤੀ ਦੀ ਭਾਵਨਾ ਬਿਲਕੁਲ ਨਹੀਂ ਹੁੰਦੀ। ਉਹ ਅਕਾਲ ਪੁਰਖ ਦੀ ਬਖਸ਼ਿਸ਼ ਦਾ ਚਾਹਵਾਨ ਹੈ, ਨਾਮ ਸਿਮਰਨ ਉਸ ਦੇ ਜੀਵਨ ਦਾ ਲਕਸ਼ ਹੈ, ਦੁਨੀਆ ਵਿਚ ਵਿਚਰਦਿਆਂ ਹੋਇਆਂ ਨੇਕੀ ਦੀ ਕਾਰ ਕਰਨਾ ਉਸ ਦਾ ਮਨੋਰਥ ਹੈ ਅਤੇ ਉਸ ਨੂੰ ਸਮੇਂ ਸਮੇਂ ਅਗਵਾਈ ਦੇਣ ਲਈ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਕਾਇਮ ਹੈ। ਅਜਿਹੇ ਅਦੁਤੀ ਖਜ਼ਾਨੇ ਦੀ ਹੋਂਦ ਵਿਚ ਅਸੀਂ ਵਡਭਾਗੀ ਹਾਂ ਅਤੇ ਸਾਡੇ ਉਤੇ ਇਹ ਫਰਜ਼ ਆਇਦ ਹੁੰਦਾ ਹੈ ਕਿ ਇਨ੍ਹਾਂ ਮਹਾਨ ਅਸੂਲਾਂ ਨੂੰ ਵਿਸ਼ਵ ਦੇ ਹਰ ਜੀਵ ਤਕ ਪਹੁੰਚਾ ਕੇ ਉਸ ਦੇ ਭਟਕਦੇ ਮਨ ਨੂੰ ਧਰਵਾਸ ਦਿਵਾਈਏ।

[‘ਜੀਵਨ ਪ੍ਰੀਤੀ’, ਅਗਸਤ ੧੯੮੦

---

**ਪਾਠਕ ਸਜਨੋ!** ਤੁਹਾਡਾ ਚਿਟ ਨੰਬਰ ਹਰ ਮਹੀਨੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਲਿਖ ਕੇ ਭੇਜਦੇ ਹਾਂ। ਇਹ ਚਿਟ ਨੰਬਰ ਨੋਟ ਕਰ ਕੇ ਰਖੋ ਅਤੇ ਮਨੀਆਰਡਰ ਜਾਂ ਐਡਰੈਸ ਬਦਲਣ ਆਦਿ ਲਈ ਚਿਠੀ ਭੇਜਣ ਸਮੇਂ ਆਪਣਾ **ਚਿਟ ਨੰਬਰ ਜ਼ਰੂਰ ਲਿਖੋ**। ਨਹੀਂ ਤਾਂ ਸਹੀ ਅਮਲ ਨਹੀਂ ਕਰ ਸਕਾਂਗੇ।



www.AKJ.Org

# ਪਾਗ ਚੁਨੈ ਕਰ ਬਾਂਧਈ

[ਵਲੋਂ—ਪ੍ਰੋ: ਹਰਬੰਸ ਸਿੰਘ ਜੀ, ਗੁਰੂ ਨਾਨਕ ਇੰਜ: ਕਾਲਜ, ਲੁਧਿਆਣਾ]

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਮੰਨੇ ਪ੍ਰਮੰਨੇ ਵਿਦਵਾਨ ਭਾਈ ਨੰਦ ਲਾਲ (ਸਿੰਘ) ਜੀ ਨੇ ਸਤਿਗੁਰਾਂ ਨਾਲ ਪ੍ਰਸ਼ਨ ਉੱਤਰ ਦੇ ਰੂਪ ਵਿਚ ਇਕ **ਤਨਖਾਹਨਾਮਾ** ਲਿਖਿਆ, ਜਿਸ ਵਿੱਚ ਵਿਸ਼ੇਸ਼ ਕਰਕੇ ਅਜਿਹੇ ਕਰਮਾਂ ਦਾ ਵਰਣੰਨ ਹੈ ਜਿਨ੍ਹਾਂ ਦੇ ਕਰਨ ਕਰਕੇ ਸਿੱਖ ਤਨਖਾਹੀਆ ਅਥਵਾ ਅਪ੍ਰਾਧੀ ਹੋ ਜਾਂਦਾ ਹੈ। ਇਸ 'ਤਨਖਾਹਨਾਮੇ' ਵਿਚ ਦਸਤਾਰ ਸੰਬੰਧੀ ਸਤਿਗੁਰੂ ਜੀ ਦਾ ਹੁਕਮ ਇਉਂ ਅੰਕਤ ਕੀਤਾ ਹੋਇਆ ਹੈ :—

"ਕੰਘਾ ਦੋਨੋਂ ਵਕਤ ਕਰ, ਪਾਗ ਚੁਨੈ ਕਰ ਬਾਂਧਈ।
ਦਾਤਨ ਨੀਤ ਕਰੇਇ, ਨਾ ਦੁਖ ਪਾਵੈ, ਲਾਲ ਜੀ।"

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ ਨੰਦ ਲਾਲ (ਸਿੰਘ) ਜੀ ! ਦਾਤਣ ਹਰ ਰੋਜ਼ ਕਰੋ, ਕੇਸ਼ ਦੋਨੋਂ ਵਕਤ (ਸਵੇਰ ਅਤੇ ਸ਼ਾਮ) ਕੰਘਾ ਕਰੋ ਅਤੇ ਦਸਤਾਰ (ਪੱਗ ਅਥਵਾ ਪਾਗ) ਚੁਣ ਚੁਣ ਅਥਵਾ ਸਵਾਰ ਕੇ ਬੰਨ੍ਹੋ, ਕੋਈ ਦੁੱਖ ਨਹੀਂ ਖੜਾ ਹੋਵੇਗਾ।

ਸਤਿਗੁਰੂ ਜੀ ਬੜੇ ਦੂਰ-ਦਰਸ਼ੀ ਸਨ। ਉਹ ਆਪਣੇ ਸਿੱਖਾਂ ਨੂੰ ਤੰਦਰੁਸਤ ਲੋੜਦੇ ਸਨ। ਉਹ ਚਾਹੁੰਦੇ ਸਨ ਕਿ ਸਿੱਖ ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣ। ਚੜ੍ਹਦੀ ਕਲਾ ਵਿਚ ਰਹਿਣ ਲਈ ਜ਼ਰੂਰੀ ਹੈ ਕਿ ਸਰੀਰ ਰਿਸ਼ਟ ਪੁਸ਼ਟ ਹੋਵੇ। ਸਰੀਰ ਦੀ ਤੰਦਰੁਸਤੀ ਵਾਸਤੇ ਜ਼ਰੂਰੀ ਹੈ ਕਿ ਸਾਡੇ ਦੰਦ ਅਤੇ ਮੂੰਹ ਸਾਫ ਸੁਥਰੇ ਹੋਣ ਅਤੇ ਉਨ੍ਹਾਂ ਵਿਚੋਂ ਬਦਬੂ ਨਾ ਆਉਂਦੀ ਹੋਵੇ। ਜੋ ਵੀ ਖੁਰਾਕ ਮੂੰਹ ਵਿਚ ਪਾਈ ਜਾਵੇ ਅਤੇ ਦੰਦਾਂ ਨਾਲ ਚਿੱਥ ਕੇ ਅੰਦਰ ਲੰਘਾਈ ਜਾਏ ਉਸ ਵਿਚ ਖਰਾਬ ਦੰਦਾਂ ਅਤੇ ਗੰਦੇ ਮੂੰਹ ਵਿਚੋਂ ਬੀਮਾਰੀਆਂ ਦੇ ਕੀਟਾਣੂ (Germs) ਖੁਰਾਕ ਨਾਲ ਮੇਹਦੇ ਵਿਚ ਜਾ ਕੇ ਰੋਗ ਪੈਦਾ ਨਾ ਕਰਨ। ਦੰਦਾਂ ਨੂੰ ਠੀਕ ਰੱਖਣ ਵਾਸਤੇ ਜ਼ਰੂਰੀ ਹੈ ਕਿ ਅਸੀਂ ਹਰ ਰੋਜ਼ ਦਾਤਣ ਕਰੀਏ। ਦਾਤਣ ਕਰਨ ਨਾਲ ਇਕ ਤਾਂ ਸਾਡੇ ਮੂੰਹ ਅਰ ਦੰਦਾਂ ਦੀ ਸਫਾਈ ਹੋ ਜਾਂਦੀ ਹੈ ਅਤੇ ਦੂਜੇ ਦੰਦਾਂ ਦੀ ਵਰਜ਼ਸ਼, ਜਿਸ ਨਾਲ ਉਹ ਤਕੜੇ ਰਹਿੰਦੇ ਹਨ। ਕਿੱਕਰ ਜਾਂ ਫਲਾਹੀ ਦੀ ਦਾਤਣ ਬਹੁਤ ਹੀ ਗੁਣਕਾਰੀ ਹੈ। ਜਿੱਥੇ ਇਹ ਮੂੰਹ ਅਤੇ ਦੰਦਾਂ ਦੀ ਸਫਾਈ ਕਰਦੀ ਹੈ ਉਥੇ ਇਹ ਅੱਖਾਂ ਦੀ ਤੰਦਰੁਸਤੀ ਵਿਚ ਵੀ ਯਗ ਦਾਨ ਦਿੰਦੀ ਹੈ, ਅੱਖਾਂ, ਕੰਨ, ਨੱਕ ਅਤੇ ਗਲ ਦਾ ਸੁਮੇਲ ਹੈ, ਦੰਦਾਂ ਦੀ ਸਫ਼ਾਈ ਇਨ੍ਹਾਂ ਸਾਰੇ ਅਗਾਂ ਦੀ ਤੰਦਰੁਸਤੀ ਵਿਚ ਇਕ ਵਿਸ਼ੇਸ਼ ਹਿੱਸਾ ਪਾਉਂਦੀ ਹੈ; ਸੋ ਜਿਹੜਾ ਮਨੁੱਖ ਹਰ ਰੋਜ਼ ਦਾਤਣ ਕਰਦਾ ਹੈ ਅਤੇ ਆਪਣੇ ਦੰਦ ਸਾਫ ਸੁਥਰੇ ਰਖਦਾ ਹੈ ਉਸਨੂੰ ਨੱਕ, ਕੰਨ, ਗਲੇ ਅਤੇ ਅੱਖਾਂ ਦੀਆਂ ਬੀਮਾਰੀਆਂ ਬਹੁਤ ਘੱਟ ਤੰਗ ਕਰਦੀਆਂ ਹਨ।

ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਨੂੰ ਮੁਖ ਰਖਦਿਆਂ ਪ੍ਰੇਮੀ ਸੱਜਣ ਹਾਲੇ ਤੀਕ ਵੀ ਦਾਤਣਾਂ ਦੇ ਮੁੱਠੇ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਭੇਟਾ ਕਰਦੇ ਹਨ ਤਾਂ ਜੁ ਕੋਈ ਸਿੱਖ ਕਲਗੀਆਂ ਵਾਲੇ ਸਤਿਗੁਰੂ ਦੇ ਹੁਕਮ ਦੀ ਤਾਮੀਲ ਕਰਨ ਵਿੱਚ ਦਾਤਣਾਂ ਦੀ ਥੁੜ ਕਾਰਨ ਢਿੱਲ ਨਾ ਕਰ ਜਾਏ।

ਦਸਮ ਪਾਤਸ਼ਾਹ ਨੇ ਆਪਣੇ ਖਾਲਸੇ ਨੂੰ ਦੋਨੋਂ ਵੇਲੇ, ਸਵੇਰ ਅਤੇ ਸ਼ਾਮ, ਕੇਸ਼ ਕੰਘਾ ਕਰਨ ਅਤੇ ਦਸਤਾਰ ਚੁਣ ਚੁਣ ਅਥਵਾ ਸਵਾਰ ਸਵਾਰ ਕੇ ਬੰਨ੍ਹਣ ਵਾਸਤੇ ਵੀ ਹੁਕਮ ਦਿੱਤਾ ਹੈ। ਕੇਸਾਂ ਨੂੰ ਕੰਘੇ ਨਾਲ ਵਾਹੁਣ ਅਤੇ ਸਵਾਰਨ ਦਾ ਉਦੇਸ਼ ਵਾਲਾਂ ਦੀ ਸਫਾਈ ਅਤੇ ਸਿਰ ਅਰ ਕੇਸ਼ਾਂ ਦੀ ਕਸਰਤ ਹੈ। ਕੇਸ ਕੰਘਾ ਕਰਨ ਸਦਕਾ ਸਾਡੇ ਸਰੀਰ ਵਿਚ ਚੇਤੰਨਤਾ ਵਧਦੀ ਹੈ ਅਤੇ ਮਨੁੱਖ ਚੜ੍ਹਦੀ ਕਲਾ ਵਿਚ ਰਹਿੰਦਾ ਹੈ।

ਕੇਸ ਕੰਘਾ ਕਰਨ ਵਾਸਤੇ ਸਾਨੂੰ ਦਸਤਾਰ ਉਤਾਰਨੀ ਪੈਂਦੀ ਹੈ, ਦਸਤਾਰ ਖਾਲਸੇ ਦਾ ਤਾਜ ਹੈ।



www.AKJ.Org

ਇਹ ਕੋਈ ਬਣੀ ਬਣਾਈ ਟੋਪੀ ਜਾਂ ਢੱਕਣ ਨਹੀਂ ਕਿ ਜਿਸ ਨੂੰ ਜਦ ਜੀਅ ਚਾਹੋ ਇਕ-ਦੰਮ ਸਿਰ ਤੋਂ ਲਾਹ ਦਿਓ ਅਤੇ ਮੁੜ ਉਸੇ ਹੀ ਪਲ ਸਿਰ ਤੇ ਰੱਖ ਲਵੋ। ਅਕਾਲ ਪੁਰਖ ਦੀ ਫੌਜ ਅਥਵਾ ਖਾਲਸੇ ਨੂੰ ਦਸਤਾਰ ਚੁਣ ਚੁਣ ਕੇ ਸਜਾਣ ਦਾ ਹੁਕਮ ਹੈ। ਜਿਸ ਤਰ੍ਹਾਂ ਪੇਚ ਦਰ ਪੇਚ ਦਸਤਾਰ ਸੀਸ ਤੇ ਸਜਾਈ ਜਾਂਦੀ ਹੈ ਉਸੇ ਹੀ ਤਰ੍ਹਾਂ ਪੇਚ ਦਰ ਪੇਚ ਉਤਾਰੀ ਜਾਂਦੀ ਹੈ। ਖਾਲਸੇ ਦੀ ਦਸਤਾਰ ਅਨਮਤੀ ਲੋਕਾਂ ਦੀ ਟੋਪੀ ਨਹੀਂ ਕਿ ਇੱਕ-ਦੰਮ ਲਾਹ ਕੇ ਪਰ੍ਹਾਂ ਸੁੱਟ ਦਿਤੀ ਜਾਏ। ਕੇਸਾਂ ਅਤੇ ਦਸਤਾਰ ਸਦਕਾ ਹੀ ਖਾਲਸਾ ਦੂਰੋਂ ਹੀ ਨਜ਼ਰ ਪੈ ਜਾਂਦਾ ਹੈ। ਕੇਸਾਂ ਅਤੇ ਦਸਤਾਰ ਕਾਰਨ ਹੀ ਖਾਲਸਾ ਬਾਕੀ ਲੁਕਾਈ ਨਾਲੋਂ ਨਿਆਰਾ ਜਾਪਦਾ ਹੈ। ਸਤਿਗੁਰੂ ਕਲਗੀਆਂ ਵਾਲੇ ਚਾਹੁੰਦੇ ਸਨ ਕਿ ਖਾਲਸਾ ਨਿਆਰਾ ਰਹੇ, ਤਾਹੀਓਂ ਤੇ ਉਨ੍ਹਾਂ ਨੇ ਆਪਣੇ ਸਿੱਖਾਂ ਪ੍ਰਤੀ ਹੁਕਮ ਕੀਤਾ—"ਪਾਗ ਚੁਨੈ ਕਰ ਬਾਂਧਈ"।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਦਿੱਲੀ ਵਿਖੇ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਜਦੋਂ ਭਾਈ ਜੈਤਾ (ਜੀਵਨ ਸਿੰਘ) ਜੀ ਸਤਿਗੁਰਾਂ ਦਾ ਪਾਵਨ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜਿਆ ਤਾਂ ਉਸ ਨੇ ਸਾਹਿਬ (ਗੁਰੂ) ਗੋਬਿੰਦ ਸਿੰਘ ਜ਼ੀ ਨੂੰ ਦਸਿਆ ਕਿ ਦਿੱਲੀ ਦੇ ਸਾਰੇ ਸਿੱਖ ਸਤਿਗੁਰੂ ਜੀ ਦੀ ਅਦੁੱਤੀ ਸ਼ਹਾਦਤ ਕਾਰਨ ਭੈ-ਭੀਤ ਹੋ ਗਏ ਸਨ ਅਤੇ ਮੁਗਲ ਹਕੂਮਤ ਦੇ ਡਰ ਕਾਰਨ ਕਿਸੇ ਨੂੰ ਗੁਰੂ ਜੀ ਦਾ ਸਰੀਰ ਸੰਭਾਲ ਕੇ ਸਸਕਾਰ ਕਰਨ ਜਾਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਉਣ ਦੀ ਹਿੰਮਤ ਨਾ ਪਈ। ਕਲਗੀਆਂ ਵਾਲੇ ਪਾਤਸ਼ਾਹ ਨੇ ਗਹਿਰੀ ਸੋਚ ਉਪ੍ਰੰਤ ਉਸੇ ਵੇਲੇ ਮਨ ਬਣਾ ਲਿਆ ਕਿ ਮੈਂ ਐਸੇ ਗੁਰਸਿਖ ਪੈਦਾ ਕਰਾਂਗਾ ਜਿਹੜੇ ਲੱਖਾਂ ਕ੍ਰੋੜਾਂ ਮਨੁੱਖਾਂ ਦੇ ਇਕੱਠ ਵਿਚ ਵੀ ਚਦ ਵਾਂਗ ਚਮਕਣ ਅਤੇ ਦੂਰੋਂ ਹੀ ਸੂਰਜ ਵਾਂਗ ਭਾ ਮਾਰਨ ਅਰ ਪਛਾਣੇ ਜਾਣ। ਇਸੇ ਹੀ ਗੱਲ ਨੂੰ ਮੁੱਖ ਰੱਖ ਕੇ ਸਤਿਗੁਰੂ ਕਲਗੀਆਂ ਵਾਲੇ ਨੇ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਪੰਚ ਕਕਾਰੀ ਰਹਿਤ ਤੇ ਪੱਕਾ ਪਹਿਰਾ ਦੇਣ ਵਾਸਤੇ ਹੁਕਮ ਦਿੱਤਾ, ਤਾਂ ਜੁ ਖਾਲਸਾ ਹੋਰਨਾਂ ਲੋਕਾਂ ਨਾਲੋਂ ਨਿਆਰਾ ਨਜ਼ਰ ਆਵੇ।

ਨਿਆਰਾ ਖਾਲਸਾ ਸੀ **ਸਾਬਤ ਸੂਰਤ** (ਅਣ-ਮੁੰਨੇ ਕੇਸ ਅਤੇ ਅਣ-ਛੇਦੇ ਨੱਕ ਕੰਨ), **ਕੰਘਾ ਕੇਸ** (ਸਿਰ ਦੇ ਕੇਸਾਂ ਵਿਚ ਕੰਘਾ), **ਸਿਰ ਦਸਤਾਰ, ਤੇੜ ਕਛਹਿਰਾ, ਹੱਥ ਕੜਾ** ਅਤੇ **ਗਾਤਰੇ ਕ੍ਰਿਪਾਨ।** ਖਾਲਸਾ ਸਾਜਣ ਉਪ੍ਰੰਤ ਕਲਗੀਆਂ ਵਾਲੇ ਸਤਿਗੁਰੂ ਨੇ ਇਉਂ ਚੇਤਾਵਨੀ ਦਿੱਤੀ—

ਜਬ ਲਗ ਰਹੇ ਖਾਲਸਾ ਨਿਆਰਾ। ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ।

ਭਾਈ ਚੋਪਾ ਸਿੰਘ ਜੀ ਦਸਵੇਂ ਪਾਤਸ਼ਾਹ ਦੇ ਖਿਡਾਵੇ ਸਨ ਅਤੇ ਉਨ੍ਹਾਂ ਨੇ ਕਲਗੀਆਂ ਵਾਲੇ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਸੀ। ਸਤਿਗੁਰਾਂ ਦੇ ਸਿੱਖਾਂ ਪ੍ਰਤੀ ਹੁਕਮਾਂ ਨੂੰ ਉਨ੍ਹਾਂ ਨੇ ਇਕ **"ਰਹਿਤਨਾਮੇ"** ਦੇ ਰੂਪ ਵਿੱਚ ਅੰਕਿਤ ਕੀਤਾ, ਜਿਸ ਵਿੱਚ ਖਾਲਸੇ ਦੇ ਨਿਆਰਾ ਰਹਿਣ ਸੰਬੰਧੀ ਸਤਿਗੁਰਾਂ ਦਾ ਇਉਂ ਹੁਕਮ ਹੈ :—

"ਖਾਲਸਾ ਹਿੰਦੂ ਮੁਸਲਮਾਨ ਸੇ ਨਿਆਰਾ ਰਹੇ।"

ਸਤਿਗੁਰੂ ਜੀ ਨੇ ਇਸਤ੍ਰੀ ਅਤੇ ਪੁਰਸ਼ ਵਾਸਤੇ ਇੱਕੋ ਹੀ ਰਹਿਤ ਦਰਸਾਈ ਸੀ। ਇਸਤ੍ਰੀ ਅਤੇ ਪੁਰਸ਼ ਵਿੱਚ ਸਮਾਨਤਾ ਰੱਖਣ ਲਈ ਸਭ ਪ੍ਰਾਣੀਆਂ ਨੂੰ ਰੰਗ ਨਸਲ, ਜ਼ਾਤ ਪਾਤ, ਦੇਸ਼ ਕੌਮ, ਲਿੰਗ ਪੁਲਿੰਗ ਆਦਿ ਦੇ ਵਿਤਕਰੇ ਨੂੰ ਪਿਛਾਂਹ ਸੁੱਟ ਕੇ ਇੱਕੋ ਖੰਡੇ ਬਾਟੇ ਦਾ ਅੰਮ੍ਰਿਤ ਪਿਲਾਇਆ ਸੀ। ਸਾਰੇ ਇਸਤ੍ਰੀ ਪੁਰਸ਼ਾਂ ਨੂੰ ਸਾਬਤ ਸੂਰਤ ਰਹਿਣ, ਕੇਸਾਂ ਵਿਚ ਕੰਘਾ ਰੱਖਣ, ਸਿਰ ਤੇ ਦਸਤਾਰ ਸਜਾਉਣ, ਤੇੜ ਰੇਬਦਾਰ ਕਛਹਿਰਾ, ਹੱਥ ਸਰਬ ਲੋਹ ਦਾ ਕੜਾ ਅਤੇ ਗਾਤਰੇ ਕ੍ਰਿਪਾਨ ਪਾਉਣ ਦਾ ਆਦੇਸ਼ ਦਿੱਤਾ ਸੀ। ਇਸ ਰਹਿਤ-ਰਹਿਣੀ ਦਾ ਸਦਕਾ ਸਾਰੇ ਗੁਰਸਿੱਖ ਵੀਰ ਭੈਣ ਸਾਬਤ ਸੂਰਤ, ਸਿਰ ਦਸਤਾਰਾਂ ਵਾਲੇ ਮਰਜੀਵੜੇ ਨਿਆਰੇ ਹੀ ਨਜ਼ਰ ਆਉਂਦੇ ਸਨ, ਆਉਂਦੇ ਹਨ ਅਤੇ ਸਤਿਗੁਰੂ ਦੀ ਮੇਹਰ ਦਾ ਸਦਕਾ ਨਿਆਰੇ ਹੀ ਨਜ਼ਰ ਆਉਂਦੇ ਰਹਿਣਗੇ।

ਅੰਮ੍ਰਿਤ ਛਕਾਉਣ ਸਮੇਂ ਜਿਥੇ ਅੰਮ੍ਰਿਤ ਦਾ ਚੂਲਾ ਦੇਣ ਵੇਲੇ ਵੀਰਾਂ ਨੂੰ ਬੋਲ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਦਾ ਹੁਕਮ ਮਿਲਦਾ ਹੈ ਉਥੇ ਭੈਣਾਂ ਨੂੰ ਭੀ ਇਵੇਂ ਹੀ ਕਹਿਣ ਦਾ ਹੁਕਮ


www.AKJ.Org

ਮਿਲਦਾ ਹੈ। ਅੰਮ੍ਰਿਤ ਛਕਣ ਉਪ੍ਰੰਤ **ਹਰ ਵੀਰ ਭੈਣ ਖਾਲਸਾ** ਬਣ ਜਾਂਦਾ ਹੈ ਅਤੇ ਉਹ ਇਕ ਦੂਜੇ ਨੂੰ ਮਿਲਣ ਅਤੇ ਵਿਛੜਨ ਸਮੇਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ'' ਗਜਾਉਂਦੇ ਹਨ। ਜਿਥੇ ਔਖੀ ਵੇਲੇ ਵੀਰ ਘੋੜਿਆਂ ਤੇ ਚੜ੍ਹ, ਹੱਥ ਬਰਛੇ ਅਤੇ ਕ੍ਰਿਪਾਨਾਂ ਫੜ ਵੈਰੀਆਂ ਨਾਲ ਲੋਹਾ ਲੈਂਦੇ ਹਨ ਉੱਥੇ ਖਾਲਸਾ ਬੀਬੀਆਂ ਭੀ ਸਿਰ ਦਸਤਾਰ ਸਜਾਈ ਕਟਾਰ (ਕ੍ਰਿਪਾਨ) ਚਲਾਉਂਦੀਆਂ ਆਪਣੇ ਭਰਾਵਾਂ ਨਾਲੋਂ ਪਿੱਛੇ ਨਹੀਂ ਰਹਿੰਦੀਆਂ। ਖਾਲਸਾ ਬੀਬੀਆਂ ਜੰਗ ਵਿਚ ਜੂਝਦੀਆਂ, ਜ਼ਖਮੀਆਂ ਦੀ ਮਲ੍ਹਮ-ਪੱਟੀ ਕਰਦੀਆਂ, ਲੰਗਰ ਦੀ ਸੇਵਾ, ਕਥਾ ਕੀਰਤਨ ਆਦਿ ਕਰਦੀਆਂ ਆਪਣੇ ਵੀਰਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਅਗਾਂਹ ਵਧਦੀਆਂ ਹਨ।

ਖਾਲਸਾ ਬੀਬੀ ਅਨਮਤੀਆਂ ਵਾਂਗ ਮਨੁੱਖ ਦੇ ਪੈਰ ਦੀ ਜੁੱਤੀ ਨਹੀਂ, ਸਗੋਂ ਮਰਦ ਖਾਲਸੇ ਦੇ ਬਰਾਬਰ ਦੇ ਹੱਕ ਰੱਖਦੀ ਹੈ। ਇਹ ਪਟੋਲ੍ਹਿਆਂ ਵਿਚ ਲਪੇਟੀ ਗੁੱਡੀ ਨਹੀਂ, ਸਗੋਂ ਸਾਬਤ ਸੂਰਤ ਸਿਰ ਦਸਤਾਰ ਵਾਲੀ ਸਿੰਘਣੀ (ਸ਼ੇਰਨੀ) ਹੈ। ਮਾਈ ਭਾਗ ਕੌਰ (ਮਾਈ ਭਾਗੋ), ਬੀਬੀ ਹਰਸ਼ਰਨ ਕੌਰ, ਬੀਬੀ ਦੀਪ ਕੌਰ, ਬੀਬੀ ਸ਼ਮਸ਼ੇਰ ਕੌਰ, ਬੀਬੀ ਸ਼ਰਨ ਕੌਰ, ਬੇਬੇ ਕਿਸ਼ਨ ਕੌਰ, ਬੇਬੇ ਚਰਨ ਕੌਰ, ਬੇਬੇ ਕਰਤਾਰ ਕੌਰ, ਬੇਬੇ ਮਹਿਤਾਬ ਕੌਰ ਆਦਿ ਸਭ ਮਾਤਾਵਾਂ ਅਤੇ ਬੀਬੀਆਂ ਦਸਤਾਰਧਾਰੀ ਸਨ।

ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਨੇ ਆਪਣੀ ਪੁਸਤਕ ''ਸਿੱਖਾਂ ਦਾ ਇਤਿਹਾਸ'' ਵਿਚ ਸਿੱਖ ਇਸਤ੍ਰੀਆਂ ਸੰਬੰਧੀ ਲਿਖਿਆ ਹੈ :–

''ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿਚ ਖਾਸ ਵਿਲੱਖਣਤਾ ਰਖਦੀਆਂ ਹਨ, ਜਿਹੜੀ ਉਨ੍ਹਾਂ ਦੇ ਸਿਰ ਉਤੇ ਕੇਸਾਂ ਦੇ ਜੂੜੇ ਤੋਂ ਸਪੱਸ਼ਟ ਪ੍ਰਗਟ ਹੁੰਦੀ ਹੈ।''

ਸਿੰਘ ਸਭਾ ਲਹਿਰ ਵਲੋਂ ਬੀਬੀਆਂ ਦੀ ਪੜ੍ਹਾਈ ਵਾਸਤੇ ਮੁੱਖ ਕੇਂਦਰਾਂ ਤੇ ਵਿਦਿਆਲੇ ਖੋਲ੍ਹੇ ਗਏ ਜਿਨ੍ਹਾਂ ਵਿਚ ਸਾਰੀਆਂ ਦੀਆਂ ਸਾਰੀਆਂ ਬੀਬੀਆਂ ਦਸਤਾਰਧਾਰੀ ਸਨ। ਫ਼ੀਰੋਜ਼ਪੁਰ, ਜਸਪਾਲੋਂ, ਸਿੱਧਵਾਂ, ਭਸੌੜ, ਕੈਰੋਂ, ਘਰਜਾਖ, ਗੁਜਰਾਂਵਾਲਾ ਆਦਿ ਸਿੱਖ ਕੰਨਿਆ ਵਿਦਿਆਲਿਆਂ ਵਿਚ ਵਿਦਿਆਰਥਣਾਂ ਦੀ ਨੀਯਤ ਪੁਸ਼ਾਕ ਵਿਚ ਦਸਤਾਰ ਇਕ ਜ਼ਰੂਰੀ ਅੰਗ ਹੋਇਆ ਕਰਦਾ ਸੀ। ਪੰਚ ਖਾਲਸਾ ਦੀਵਾਨ, ਭਸੌੜ ਨੇ ਮਾਲਵੇ ਦੇ ਇਲਾਕੇ ਵਿਚ ਅਤੇ ਸੈਂਟਰਲ ਮਾਝਾ ਦੀਵਾਨ ਨੇ ਮਾਝੇ ਵਿਚ ਤੱਤ ਗੁਰਮਤਿ ਨੂੰ ਮੁੱਖ ਰੱਖਦੇ ਹੋਏ ਬੀਬੀਆਂ ਵਾਸਤੇ ਸੀਸ ਤੇ ਦਸਤਾਰ ਸਜਾਉਣ ਦਾ ਬਹੁਤ ਪ੍ਰਚਾਰ ਕੀਤਾ। ਉਸ ਸਮੇਂ ਦੇ ਦਸਤਾਰ ਸੰਬੰਧੀ ਪ੍ਰਚਾਰ ਨੂੰ ਮੁੱਖ ਰੱਖਦੇ ਹੋਏ ਇੱਕ ਗੁਰਮੁਖ ਬੀਬੀ ਨੇ ਇਉਂ ਲਿਖਿਆ ਸੀ–

''ਸਾਬਤ ਨੀ ਸੂਰਤ ਭੈਣੇ ਭਾਵੇ ਕਰਤਾਰ ਨੂੰ।
ਲਾਹੋ ਪ੍ਰਾਂਦਾ ਸਿਰ ਤੋਂ ਗੰਦੇ ਇਸ ਭਾਰ ਨੂੰ।
ਸੀਸ ਤੇ ਕੇਸ ਇਹ ਤਾਂ ਰੱਬੀ ਸੁਗਾਤ ਨੀ।
ਗੁੱਤਾ ਨੂੰ ਛੱਡੋ ਭੈਣੋ ! ਪਹਿਰੋ ਦਸਤਾਰ ਨੀ।

ਪੁਸਤਕ ''ਦਸਤਾਰ ਸੰਦੇਸ਼'' ਵਿੱਚ ਬੀਬੀ ਸੰਤੋਖ ਕੌਰ ਨੇ ਭੈਣ (ਸਿਖ ਬੀਬੀ) ਨੂੰ ਇਉਂ ਉਪਦੇਸ਼ ਦਿੱਤਾ ਹੈ :–

''ਸਾਬਤ ਸੂਰਤ ਰੱਖਣੀ ਹੁਕਮ ਕੀਤਾ ਕਰਤਾਰ॥
ਨੱਕ ਕੰਨ ਨਹੀਂ ਪਾੜਨੇ ਸਿਰ ਸੋਹਣੀ ਦਸਤਾਰ॥
ਛਕਣਾ ਨਾਲ ਪ੍ਰੇਮ ਦੇ ਅੰਮ੍ਰਿਤ ਖੰਡੇਧਾਰ॥
ਪੰਜੇ ਪੜ੍ਹਨੀਆਂ ਬਾਣੀਆਂ ਪੰਜੇ ਧਾਰ ਕਕਾਰ।
ਫਤੇ ਗਜਾਉਣੀ ਵਾਹਿਗੁਰੂ ਸਿੰਘ ਮਿਲੇ ਹੱਥ ਜੋੜ।
ਮੁੱਖ ਮੂਲ ਨ ਕੱਜਣਾ, ਭਰਮ ਜੰਦਰਾ ਤੋੜ।
ਸਿਦਕ ਭਰੋਸਾ ਮੰਗਣਾ, ਨਿੱਤ ਕਰ ਕੇ ਅਰਦਾਸ।
ਸੁਖ ਦੁਖ ਸਮ ਕਰ ਜਾਨਣਾ, ਹੋਣਾ ਨਹੀਂ ਉਦਾਸ।''



www.AKJ.Org

ਪੰਚ ਖਾਲਸਾ ਦੀਵਾਨ, ਭਸੌੜ ਵਿਖੇ ਅੰਮ੍ਰਿਤ ਅਭਿਲਾਖੀ ਬੀਬੀ ਨੂੰ ਪਹਿਲਾਂ ਦਸਤਾਰ ਤੇ ਬਾਕੀ ਕਕਾਰ ਧਾਰਨ ਕਰਨੇ ਪੈਂਦੇ ਸਨ । ਰਹਿਤ ਵਿਚ ਪ੍ਰਪੱਕ ਹੋਣ ਉਪ੍ਰੰਤ ਅਥਵਾ ਦੋ ਤਿੰਨ ਸਾਲ ਬਾਅਦ ਅੰਮ੍ਰਿਤ ਦੀ ਦਾਤ ਮਿਲਦੀ ਸੀ । ਦੀਵਾਨ ਵਲੋਂ ਦਸਤਾਰ ਦੇ ਸ਼ੰਕੇ ਨੂੰ ਮੁੱਖ ਰੱਖ ਕੇ ਹੇਠ ਲਿਖਿਆ ਫੈਸਲਾ ਕੀਤਾ ਗਿਆ, ਜਿਹੜਾ "ਖਾਲਸਾ ਰਹਿਤ ਪ੍ਰਕਾਸ਼" ਦੇ "ਫੈਸਲਾ ਸ਼ੰਕਾ ਨੰ: ੧੦" ਹੇਠ ਦਰਜ ਹੈ :—

"ਸਿੰਘਾਂ ਵਤ ਸਿੰਘਣੀਆਂ ਨੂੰ ਦੋ ਵੇਲੇ ਕੰਘਾ ਕਰਨੇ ਦਾ ਹੁਕਮ ਹੈ । ਜੇ ਕੇਸ ਗੁੰਦੇ ਹੋਏ ਹੋਣ ਤਾਂ ਉਪ੍ਰੋਕਤ ਮਰਯਾਦਾ ਪੂਰੀ ਨਹੀਂ ਹੋ ਸਕਦੀ । ਇਸ ਤੇ ਕੇਸਾਂ ਦੀ ਗੁੱਤ ਨਹੀਂ ਕਰਨੀ ਚਾਹੀਦੀ । ਯਾਂਤੇ ਸੀਸ ਪਰ (ਦਸਮੇਂ ਦ੍ਵਾਰ) ਜੂੜਾ ਕਰਨਾ ਹੀ ਯੋਗਯ ਹੈ ਤੇ ਕੇਸਾਂ ਨੂੰ ਨੰਗਾ ਨਹੀਂ ਰੱਖਣਾ, ਭਾਵ ਕੇਸ ਢਕਨਾ ਬਸਤਰ (ਖਾਲਸਾ ਬੋਲਾ ਛੋਟੀ ਦਸਤਾਰ) "ਸਾਬਤ ਸੂਰਤਿ ਦਸਤਾਰ ਸਿਰਾ" ਗੁਰਵਾਕ ਦੇ ਭਾਵ ਅਨੁਸਾਰ ਧਾਰਨ ਕਰਨਾ ਜ਼ਰੂਰੀ ਹੈ । ਪੁਨਾ : "ਨਾਨਕ ਸਿਰ ਖੁਥੇ ਸੈਤਾਨੀ" ਅਰਥਾਤ ਖਿਲਰੇ ਹੋਏ ਕੇਸ ਰੱਖਣੇ ਠੀਕ ਨਹੀਂ, ਭਾਵ ਕੇਸਾਂ ਨੂੰ ਦਸਤਾਰ ਨਾਲ ਸੰਭਾਲ ਕੇ (ਢੱਕ ਕੇ) ਰਖਣਾ ਜ਼ਰੂਰੀ ਹੈ ।"

ਪੰਚ ਖਾਲਸਾ ਦੀਵਾਨ ਨੇ ਪਿੰਡ ਬਕਾਪੁਰ (ਫਿਲੌਰ) ਵਿਖੇ ਦੀਵਾਨ ਸਜਾਇਆ, ਜਿੱਥੇ ਮੌਲਵੀ ਕਰੀਮ ਬਖਸ਼ ਦੇ ਸਾਰੇ ਪ੍ਰਵਾਰ ਨੇ ਅੰਮ੍ਰਿਤ ਛਕ ਕੇ ਸਿੱਖੀ ਧਾਰਨ ਕੀਤੀ ਅਤੇ ਟੱਬਰ ਦੀਆਂ ਸਾਰੀਆਂ ਬੀਬੀਆਂ ਨੇ ਖਾਲਸਾ ਰਹਿਤ ਪ੍ਰਵਾਨ ਕੀਤੀ । ਇਸੇ ਹੀ ਦੀਵਾਨ ਵਿੱਚ ਅੰਮ੍ਰਿਤ ਛਕ ਕੇ ਨਾਰੰਗਵਾਲੀਏ ਭਾਈ ਬਸੰਤ ਸਿੰਘ ਭਾਈ ਰਣਧੀਰ ਸਿੰਘ ਅਤੇ ਮੌਲਵੀ ਕਰੀਮ ਬਖਸ਼ (ਸੰਤ) ਲਖਬੀਰ ਸਿੰਘ ਦੇ ਨਵੇਂ ਨਾਵਾਂ ਨਾਲ ਉਜਾਗਰ ਹੋਏ । ਇਸ ਸਮਾਗਮ ਦੀ ਪੂਰਨ ਰਿਪੋਰਟ ਦੀਵਾਨ ਵਲੋਂ "ਵੀਰ ਸੁਧਾਰ ਪੱਤਰ" ਨਾਮੇ ਕਿਤਾਬੜੀ ਰਾਹੀਂ ਪ੍ਰਕਾਸ਼ਤ ਕੀਤੀ ਗਈ, ਜਿਹੜੀ ਪਿੱਛੇ ਜਹੇ "ਸਿੰਘ ਸਭਾ ਸ਼ਤਾਬਦੀ ਕਮੇਟੀ" ਨੇ ਮੁੜ ਪ੍ਰਕਾਸ਼ਤ ਕੀਤੀ ਹੈ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਨਿਰੋਲ ਗੁਰਬਾਣੀ ਦੇ ਕੀਰਤਨ ਨੂੰ ਗੁਰਮਤਿ ਪ੍ਰਚਾਰ ਦਾ ਮੁੱਖ ਸਾਧਨ ਬਣਾਇਆ । ਨਾਮ ਬਾਣੀ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਥਾਂ ਥਾਂ ਕੀਰਤਨ ਸਮਾਗਮ ਅਰੰਭ ਕੀਤੇ, ਜਿਥੇ ਅੰਮ੍ਰਿਤ ਸਿੰਚਾਰ ਦਾ ਭੀ ਪ੍ਰਬੰਧ ਹੁੰਦਾ ਸੀ । ਉਨ੍ਹਾਂ ਵਲੋਂ ਚਲਾਏ ਤੱਤ ਗੁਰਮਤਿ ਪ੍ਰਚਾਰ ਨੂੰ ਮੁੱਖ ਰਖਦੇ ਹੋਏ ਅੱਜ ਵੀ ਥਾਂ ਥਾਂ "ਅਖੰਡ ਕੀਰਤਨੀ ਜਥੇ" ਉਨ੍ਹਾਂ ਹੀ ਲੀਹਾਂ ਤੇ ਨਾਮ ਬਾਣੀ ਦਾ ਪ੍ਰਚਾਰ ਕਰ ਰਹੇ ਹਨ ਅਤੇ ਸਤਿਗੁਰਾਂ ਦੇ ਹੁਕਮ "ਸਾਬਤ ਸੂਰਤਿ ਦਸਤਾਰ ਸਿਰਾ" ਦਾ ਗੱਜ ਵੱਜ ਕੇ ਪ੍ਰਚਾਰ ਕਰ ਰਹੇ ਹਨ । ਅਖੰਡ ਕੀਰਤਨੀ ਜਥੇ ਦੀ ਸੰਗਤ ਸਦਕਾ ਹੀ ਨਵੇਂ ਸਜੇ ਅਮ੍ਰੀਕਨ ਸਿੰਘ ਸਿੰਘਣੀਆਂ ਵੀ "ਦਸਤਾਰ" ਸੰਬੰਧੀ ਸਤਿਗੁਰੂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨ ਰਹੀਆਂ ਹਨ ।

ਬੜੇ ਅਫਸੋਸ ਦੀ ਗੱਲ ਹੈ ਕਿ ਅਮ੍ਰੀਕਾ ਦੇ ਵਾਸੀਆਂ ਨੂੰ ਤਾਂ ਸੋਝੀ ਆ ਗਈ ਹੈ "ਪਾਗ ਚੁਨੈ ਕਰ ਬਾਂਧਈ" ਵਾਲੇ ਹੁਕਮ ਨੂੰ ਮੰਨਣ ਦੀ, ਪਰ ਅਸੀਂ ਉਸ ਧਰਤੀ ਦੇ ਵਸਨੀਕ ਜਿਥੇ ਦਸਾਂ ਗੁਰੂ ਸਾਹਿਬਾਨ ਨੇ ਜਨਮ ਲਿਆ, ਤਪਦੇ ਹਿਰਦਿਆਂ ਨੂੰ "ਧੁਰ ਕੀ ਬਾਣੀ" ਰਾਹੀਂ ਠਾਰਿਆ, ਸਾਡੀ ਖਾਤਰ ਆਪਾ ਵਾਰਿਆ, ਦਸਮ ਪਾਤਸ਼ਾਹ ਨੇ ਸਰਬੰਸ ਕੁਰਬਾਨ ਕੀਤਾ, ਅਣਗਿਣਤ ਸਿੰਘ ਸਿੰਘਣੀਆਂ ਅਤੇ ਬੱਚਿਆਂ ਨੇ ਸ਼ਹੀਦੀਆਂ ਦਿੱਤੀਆਂ, ਮਾਤਾਵਾਂ ਨੇ ਸ਼ੀਰ-ਖ਼ੋਰ ਬੱਚਿਆਂ ਦੇ ਟੋਟੇ ਟੋਟੇ ਕਰਵਾਏ, ਉਨ੍ਹਾਂ ਦੀਆਂ ਆਂਦਰਾਂ ਦੇ ਗਲਾਂ ਵਿੱਚ ਹਾਰ ਪੁਆਏ, ਮੀਰ ਮੰਨੂ ਦੀ ਜੇਲ੍ਹ ਵਿਚ ਸਵਾ ਸਵਾ ਮਣ ਪੀਸਣ ਪੀਸਿਆ, ਖੰਨੇ ਖੰਨੇ ਰੋਟੀ ਤੇ ਗੁਜ਼ਾਰਾ ਕੀਤਾ, ਭਾਈ ਤਾਰੂ ਸਿੰਘ ਨੇ ਖੋਪਰੀ ਲੁਹਾਈ, ਸਿੰਘਾਂ ਨੇ ਬੰਦ ਬੰਦ ਕਟਵਾਏ, ਚਰਖਰੜੀਆਂ ਤੇ ਚੜ੍ਹੇ, ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚੀਰੇ ਗਏ, ਜੰਗਾਂ ਯੁੱਧਾਂ ਵਿਚ ਬੇਅੰਤ ਕਸ਼ਟ ਸਹਾਰੇ, ਘਰੋਂ ਬੇ-ਘਰ ਹੋਏ, ਪਰ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ । ਹਾਂ ਅੱਜ ਅਸੀਂ ਉਸੇ ਹੀ ਧਰਤੀ ਦੇ ਵਸਨੀਕ ਸਤਿਗੁਰਾਂ ਵਲੋਂ ਦ੍ਰਿੜ੍ਹਾਈ ਰਹਿਤ ਤੋਂ ਮੁਨਕਰ ਹੁੰਦੇ ਜਾ ਰਹੇ ਹਾਂ । ਅੱਜ ਅਸੀਂ ਤਰ੍ਹਾਂ ਤਰ੍ਹਾਂ ਦੀਆਂ ਢੁੱਚਰਾਂ ਡਾਹ ਰਹੇ ਹਾਂ, ਰੱਬੀ ਸੂਰਤ ਨੂੰ ਭੰਨ ਤੋੜ ਰਹੇ ਹਾਂ ਅਤੇ ਦਸਤਾਰ ਨੂੰ ਤਲਾਂਜਲੀ ਦੇ ਕੇ ਆਪਣੇ ਨਿਆਰੇ-ਪਨ ਨੂੰ ਖ਼ਤਮ ਕਰ ਰਹੇ ਹਾਂ । ਸਤਿਗੁਰੂ ਦੇ ਹੁਕਮਾਂ ਤੋਂ ਮੁਨਕਰ ਹੋ ਕੇ ਅਸੀਂ ਕਿੱਥੇ ਮੂੰਹ ਦਿਆਂਗੇ ?


www.AKJ.Org

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ, ਵਿਚਿ ਵਿਸਟਾ ਪਏ ਪਚੰਨਿ ॥੫॥
[ਗਉੜੀ ਬੈਰਾਗਣਿ ਮ: ੩, ਪੰਨਾ ੨੩੩

ਸਤਿਗੁਰੂ ਕਲਗੀਆਂ ਵਾਲੇ ਦਾ ਹੁਕਮ ਹੈ–

"ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ।"

ਦਸਤਾਰ ਤੋਂ ਬਿਨਾਂ ਕੇਸਾਂ ਦੀ ਸੰਭਾਲ ਹੋ ਹੀ ਨਹੀਂ ਸਕਦੀ। ਗੁੱਤ ਵਿਚ ਕੰਘਾ ਕਿਵੇਂ ਰਹਿ ਸਕਦਾ ਹੈ? ਕੰਘੇ ਅਰ ਕੇਸਾਂ ਨੂੰ ਸੰਭਾਲ ਕੇ ਰੱਖਣ ਵਾਸਤੇ ਦਸਤਾਰ ਲਾਜ਼ਮੀ ਹੈ। ਸਤਿਗੁਰਾਂ ਦਾ ਹੁਕਮ ਹੈ "ਪਾਗ ਚੁਨੈ ਕਰ ਬਾਂਧਈ।" ਜੇ ਸਿਰ ਤੇ ਦਸਤਾਰ ਹੀ ਨਾ ਹੋਏਗੀ ਤਾਂ ਸਤਿਗੁਰਾਂ ਦੇ ਹੁਕਮ ਦੀ ਤਾਮੀਲ ਕਿਵੇਂ ਹੋਵੇਗੀ? 'ਸਿੱਖ' ਸਤਿਗੁਰਾਂ ਦਾ ਹੁਕਮੀ ਬੰਦਾ ਹੈ। ਸਤਿਗੁਰਾਂ ਦੇ ਹੁਕਮ ਅੱਗੇ ਉਸਦੀ ਕੋਈ ਹੁੱਜਤ ਨਹੀਂ। ਸਾਬਤ ਸੂਰਤ ਰਹਿਣਾ, ਕੇਸ ਕੰਘਾ ਰੱਖਣਾ, ਸੀਸ ਤੇ ਦਸਤਾਰ ਸਜਾਉਣੀ, ਤੇੜ ਕਛਹਿਰਾ, ਹੱਥ ਕੜਾ ਅਤੇ ਗਾਤਰੇ ਕ੍ਰਿਪਾਨ ਪਾਉਣੀ ਸਿੱਖ ਵਾਸਤੇ ਗੁਰੂ ਦਾ ਹੁਕਮ ਹੈ। ਤਾਂਤੇ ਸਿੱਖ ਉਹੀਓ ਹੀ ਹੈ ਜੋ ਆਪਣੇ ਗੁਰੂ ਦੇ ਹੁਕਮਾਂ ਨੂੰ ਸਤਿ ਕਰਕੇ ਮੰਨਦਾ ਹੈ–

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (੬੦੧–੦੨)

---

# ਸਿੱਖ ਨੂੰ ਵੰਗਾਰ

[ਵਲੋਂ—ਸ: ਸਰੂਪ ਸਿੰਘ ਜੀ ਦਰਵੇਸ਼, ਖੰਨਾ]

ਸਿੰਘ ਸੋਈ ਜੋ ਗੁਰਾਂ ਦੀ ਰਹਿਤ ਰਖੇ, ਸਿੰਘ ਸੋਈ ਜੋ ਸਜੀ ਕ੍ਰਿਪਾਨ ਹੋਵੇ।
ਕੜਾ, ਕੰਘਾ, ਕਛਹਿਰਾ ਤੇ ਕੇਸਕੀ ਦਾ, ਦਿਲੋਂ ਕਰਦਾ ਸਦਾ ਸਨਮਾਨ ਹੋਵੇ।
ਸਿੰਘ ਸੋਈ ਜੋ ਕਰੀ ਕਮਾਈ ਵਿਚੋਂ, ਹਿੱਸਾ ਕਢਦਾ ਦਸਵਾਂ ਦਾਨ ਹੋਵੇ।
ਕਾਮ, ਕ੍ਰੋਧ ਤੇ ਲੋਭ ਨੂੰ ਤਿਆਗ ਦੇਵੇ, ਮਨੋਂ ਕਢਿਆ ਮੋਹ, ਅਭਿਮਾਨ ਹੋਵੇ।
ਮੂਲ ਮੰਤਰ ਨੂੰ ਸਦਾ ਹੀ ਯਾਦ ਰਖੇ, ਗੁਰ ਮੰਤਰ ਦੀ ਨਾਲ ਪਛਾਣ ਹੋਵੇ।
ਅੰਮ੍ਰਿਤ ਵੇਲੇ ਸੁਵੇਲੇ ਹੀ ਜਾਗ ਕੇ ਤੇ, ਸਣੇ ਕੇਸਾਂ ਦੇ ਕਰਦਾ ਇਸ਼ਨਾਨ ਹੋਵੇ।
"ਚੜੈ ਦਿਵਸੁ ਗੁਰਬਾਣੀ ਗਾਵੈ", ਸਿਮਰਨ ਕਰਨ ਦੇ ਵਿਚ ਧਿਆਨ ਹੋਵੇ।
ਸੰਗ ਕਰੇ ਕੁਸੰਗੀਆਂ ਕਦੇ ਨਾਹੀਂ, ਤਾਈਓਂ ਸਿੱਖੀ ਦੇ ਵਿਚ ਬਲਵਾਨ ਹੋਵੇ।
ਪਿੱਛੇ ਧਰਮ ਦੇ ਸੀਸ ਨੂੰ ਵਾਰ ਦੇਣਾ, ਚਾਹੇ ਡਿਗਦੀ ਦੁੱਖਾਂ ਦੀ ਖਾਨ ਹੋਵੇ।
ਪ੍ਰੇਮ, ਪਿਆਰ ਤੇ ਨਿਮ੍ਰਤਾ ਵਿਚ ਰਹਿਣਾ, ਸੁਭਾਅ ਸੀਤਲ ਦਾ ਸਦਾ ਇਨਸਾਨ ਹੋਵੇ।
ਪ੍ਰਾਈ ਤ੍ਰਿਆ ਨੂੰ ਮਾਤ ਸਮਾਨ ਸਮਝੇ, ਸਮਝੇ ਭੈਣ ਜੀ ਆਪਦੇ ਹਾਣ ਹੋਵੇ।
ਹੋਵੇ ਸਾਬਤ ਭੀ ਰਹਿਤ ਦੇ ਵਿਚ ਪੂਰੀ, ਸਿੱਖੀ ਵਾਲਾ ਭੀ ਪੂਰਾ ਗਿਆਨ ਹੋਵੇ।
ਕੀਰਤਨ ਕਰੇ ਤੇ ਗਾਵੇ ਲਿਵਲੀਨ ਹੋ ਕੇ, ਜਾ ਕੇ ਸੁਣੇ ਤਾਂ ਅੰਤਰ ਧਿਆਨ ਹੋਵੇ।
"ਜੋ ਦੀਸੈ ਗੁਰ-ਸਿਖੜਾ" ਗੁਰੂ ਆਖਣ, ਉਸਦੇ ਚਰਨਾਂ ਤੋਂ ਸਦ ਕੁਰਬਾਨ ਹੋਵੇ।
ਭਾਣਾ ਮੰਨ ਕੇ ਸਦਾ ਹੀ ਖੁਸ਼ ਰਹਿਵੇ, ਗੁਰ ਚਰਨਾਂ ਦੇ ਵਿਚ ਪ੍ਰਵਾਨ ਹੋਵੇ।
'ਦਰਵੇਸ਼' ਬਣ ਕੇ, ਗੁਰਾਂ ਦੇ ਲਗ ਚਰਨੀ, ਏਸ ਦਰੋਂ ਹੀ ਮੁਕਤੀ ਦਾ ਦਾਨ ਹੋਵੇ।


www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘੱਲੂਘਾਰਾ

[ਕਿਸ਼ਤ ੨੫ਵੀਂ, ਲੜੀ ਜੋੜਨ ਲਈ ਵੇਖੋ ਸੂਰਾ ਅਗਸਤ ੧੯੮੦]

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## ਕਾਫ਼ਰਾਂ ਦੇ ਲਸ਼ਕਰ ਦਾ ਪਹੁੰਚਣਾ ਤੇ ਸਾਡਾ ਉਨ੍ਹਾਂ ਨਾਲ ਜੰਗ ਕਰਨਾ

**ਕਾਜ਼ੀ ਨੂਰ ਮੁਹੰਮਦ ਸਾਹਿਬ ਫੁਰਮਾਉਂਦੇ ਹਨ–**

"ਇਕ ਦਿਨ ਐਸਾ ਢੋ ਢੁਕਿਆ ਕਿ ਸਿਖਾ ਦਾ ਲਸ਼ਕਰ ਜ਼ਾਹਿਰ ਹੋਇਆ ਤੇ ਸਾਨੂੰ ਆਣ ਪਿਆ। ਉਨ੍ਹਾਂ ਦੇ ਸਿਰ ਹੰਕਾਰ ਨਾਲ ਤੇ ਦਿਲ ਕੀਨੇ ਨਾਲ ਭਰੇ ਹੋਏ ਸਨ। ਉਨ੍ਹਾਂ ਨੇ ਆਉਂਦਿਆਂ ਹੀ ਕਰਾਵਲ ਫੌਜ (ਲਸ਼ਕਰ ਦਾ ਉਹ ਹਿਸਾ ਜੋ ਕੂਚ ਵੇਲੇ ਉਸਦੇ ਅਗੇ ਅਗੇ ਆਉਂਦਾ ਹੈ, ਉਸ ਨੂੰ ਕਰਾਵਲ ਵੀ ਕਹਿੰਦੇ ਹਨ। ਪੰਜਾਬੀ ਵਿਚ ਹਰੋਲ ਜਾ ਮੁਹਰੈਲ ਜਾਂ ਮੂਹਰਖਾ ਦਲ ਵੀ ਆਖਦੇ ਹਨ) ਦਾ ਰਾਹ ਰੋਕ ਲਿਆ। ਹਰੋਲ ਦੇ ਸਰਦਾਰ ਨੇ ਫੋਹਨ ਓਸੇ ਵੇਲੇ ਇਕ ਸਵਾਰ ਸ਼ਾਹ ਵਲ ਖ਼ਬਰ ਲਈ ਘਲਿਆ ਕਿ ਹੁਣੇ ਹੀ ਭੈੜੇ ਮੂੰਹ ਵਾਲੇ, ਪਲੀਤ, ਨਾਪਾਕ ਤੇ ਬੁਰੀ ਖੋ ਵਾਲੇ ਸੂਰ ਖਾਣੇ ਸਿਖ ਆ ਪਏ ਹਨ :–

ਕਜ਼ਾ ਰਾ ਯਕੇ ਰੋਜ਼ ਅਜ਼ ਇਤਫਾਕ। ਨਮਾਇਆਂ ਸ਼ੁਦਾ ਫ਼ੌਜਿ ਅਹਿਲਿ ਨਫ਼ਾਕ।
ਨਮੂਦਾਰ ਸ਼ੁਦ ਲਸ਼ਕਰਿ ਸਗ ਲਈਂ। ਸਿਰ ਪੁਰ ਜ਼ਿ ਨਖ਼ਵਤ ਦਿਲ ਪੁਰ ਜ਼ਿ ਕੀਂ।
ਬਫ਼ੌਜਿ ਕਰਾਵਲ ਗ੍ਰਿਫ਼ਤੰਦ ਰਾਹ। ਫ਼ਿਰਸਤਾਦ ਕਰਲ ਸਵਾਰੇ ਬਸ਼ਾਹ।
ਕਿ ਈਂਕ ਰਸੀਦਾ ਸਗਿ ਜ਼ਿਸ਼ਤ ਰੂ। ਪਲੀਦੋ ਨਜਸ ਖ਼ੂਕ ਖ਼ੋਰ ਜ਼ਿਸ਼ਤ ਖ਼ੂ।
ਕਰਾਵਲ ਜਹਾਂ ਖ਼ਾਨ ਸਰਦਾਰ ਬੂਦ। ਕਿ ਅਜ਼ ਜੰਗਿ ਸਿਖਾਂ ਖ਼ਬਰਦਾਰ ਬੂਦ।
ਕਿ ਕਰਦਾ ਬ-ਏਸ਼ਾਂ ਬਸੇ ਕਾਰ ਜ਼ਾਰ। ਸ਼ੁਦ ਆਗਾਹ ਜ਼ਿ ਮਕਰੋ ਫ਼ਨਿ ਏਸ਼ਾਂ ਜ਼ਿ ਕਾਰ।

[ਜੰਗਨਾਮਾ ਸਫਾ ੧੦੪-੫,ਸਤਰਾਂ ੧ ਤੋਂ ੬ ਤਕ]

"ਉਸ ਦਿਨ ਕਰਾਵਲ (ਹਰਾਵਲ) ਫ਼ੌਜ ਦਾ ਸਰਦਾਰ ਜਹਾਨ ਖ਼ਾਨ ਸੀ (ਅਹਿਮਦ ਸ਼ਾਹ ਦਾ ਵੱਡਾ ਜਰਨੈਲ)। ਇਹ ਸਿਖਾਂ ਦੇ ਜੰਗੀ ਢੰਗਾਂ ਤੋਂ ਚੰਗਾ ਜਾਣੂ ਸੀ। ਇਹ ਸਿਖਾਂ ਨਾਲ ਕਈ ਲੜਾਈਆਂ ਵਿਚ ਲੋਹਾ ਲੈ ਚੁਕਿਆ ਸੀ। ਤੇ ਇਨ੍ਹਾਂ ਦਿਆਂ ਮਕਰਾਂ ਤੇ ਜੰਗੀ ਚਾਲਾਕੀਆਂ ਤੋਂ ਪੂਰੀ ਤਰ੍ਹਾਂ ਵਾਕਿਫ ਸੀ। ਖ਼ਬਰ ਮਿਲਦਿਆਂ ਗਾਜ਼ੀ ਸ਼ਹਿਨਸ਼ਾਹ ਨੇ ਲਸ਼ਕਰ ਨੂੰ ਤੁਰੰਤ ਹੱਲੇ ਲਈ ਹੁਕਮ ਦਿਤਾ ਕਿ ਇਨ੍ਹਾਂ "ਲਈਨਾਂ" (ਭ੍ਰਿਸ਼ਟਿਆਂ) ਦੀ ਜੜ ਮੇਖ ਪੁਟ ਗਵਾਉ। ਸਭ ਵਡੇ ਵਡ ਸਰਦਾਰ ਹੁਣ ਘੋੜਿਆਂ ਦੀਆਂ ਪਿਠਾਂ ਉਤੇ ਸਨ। ਏਧਰ ਜਹਾਨ ਖਾਨ ਆਪਣੀ ਹੀ ਥਾਂ ਉਤੇ ਖੜੋਤਾ ਰਿਹਾ ਤੇ ਉਥੋਂ ਇਕ ਕਦਮ ਵੀ ਅੱਗੇ ਨਹੀਂ ਹਿਲਿਆ। ਉਹ ਦੇਖਦਾ ਰਿਹਾ ਸੀ ਕਿ ਉਸਦੀ ਇਮਦਾਦ ਕਰਨ ਵਾਲੇ ਕਦ ਕੁ ਆਉਂਦੇ ਹਨ। ਲਈਨਾਂ ਨੇ ਮੈਦਾਨ ਵਿਚ ਚੜ੍ਹ ਮਚਾਈ ਹੋਈ ਸੀ ਤੇ ਬੜਾ ਖ਼ਰੂਦ ਕਰ ਰਹੇ ਸਨ। ਉਨ੍ਹਾਂ ਦੇ ਹੱਥਾਂ ਵਿਚ ਬੰਦੂਕਾਂ ਤੇ ਧੁਖਦੇ ਪਲੀਤੇ ਫੜੇ ਹੋਏ ਹਨ। ਉਹ ਘੋੜਿਆਂ ਤੇ ਸਵਾਰ ਸਨ ਤੇ ਪਲੀਤੇ ਦਾਗੀ ਜਾਂਦੇ ਸਨ। ਇਸ ਤਰ੍ਹਾਂ ਉਹ ਮੈਦਾਨਿ ਜੰਗ ਵਿਚ ਸੱਜੇ ਖਬੇ ਮਾਰੋ ਮਾਰ ਕਰਦੇ ਫਿਰਦੇ ਸਨ। ਇਕਾ-ਇਕ ਸ਼ਾਹੀ ਫ਼ੌਜ ਇੰਜ ਆਣ ਅੱਪੜੀ ਜਿਵੇਂ ਕਿ 'ਗ਼ਾਇਬ' ਚੋਂ ਹੀ ਨਿਕਲ ਆਈ ਹੋਵੇ। ਫ਼ੌਜ ਨੀਵੇਂ ਉਚਿਓਂ, ਗੱਲ ਕੀ ਚੁਫੇਰਿਓਂ ਹੀ ਆ ਪਈ। ਫੌਜ ਦੇ ਅੱਗੇ ਅੱਗੇ ਗ਼ਾਜ਼ੀ ਨਸੀਰ ਖ਼ਾਨ ਸੀ। ਇਸ ਨੇ ਜਦ "ਸਗਾਂ" ਨੂੰ ਵੇਖਿਆ ਤਾਂ ਦਹਾੜਦੇ ਹੋਏ ਸ਼ੇਰ ਵਾਂਗ ਇਨ੍ਹਾਂ ਵਿਚ ਜਾ ਵੜਿਆ। ਇਸ ਦੇ ਪਿਛੇ ਪਿਛੇ ਸਾਰੀ ਫ਼ੌਜ ਆ ਪਈ। ਸਗਾਂ ਨੂੰ ਭਾਜੜ ਪਾ ਦਿਤੀ। ਨਸੀਰ ਖਾਨ ਨਾਲ ਇਸ ਵੇਲੇ ਉਸ ਦਾ ਖ਼ਾਸ ਅਮਲਾ ਵੀ ਸੀ, ਜਿਸ ਨੇ ਲੜਾਈ ਵਿਚ ਕੋਈ ਕਸਰ ਨਾ ਰਖੀ। ਇਨ੍ਹਾਂ



www.AKJ.Org

ਸੂਰਮਿਆਂ ਵਿਚੋਂ ਮੈਨੂੰ ਸਾਰਿਆਂ ਦੇ ਨਾਮ ਯਾਦ ਨਹੀਂ, ਪਰ ਇਨ੍ਹਾਂ ਦੀ ਸੂਰਮਗਤੀ ਉਤੇ ਆਫ਼ਰੀਨ ਹੈ। ਫਿਰ ਵੀ ਜਿੰਨਿਆਂ ਕੁ ਦਾ ਨਾਮ ਮੈਨੂੰ ਆਉਂਦਾ ਹੈ, ਮੈਂ ਅਸ਼ਕੇ ਕਹਿ ਕਹਿ ਕੇ ਗਿਣਦਾ ਹਾਂ। ਸਾਰਿਆਂ ਤੋਂ ਪਹਿਲਾਂ ਲਉ ਸੱਯਦ ਨੂਰ ਸ਼ਾਹ। ਇਹ ਸਭਨਾਂ ਦੇ ਮੂਹਰੇ ਸੀ। ਇਸ ਨੇ ਤਲਵਾਰ ਦਾ ਇਕ ਐਸਾ ਹੱਥ ਮਾਰਿਆ ਕਿ ਇਕ ਵੈਰੀ ਦਾ ਲੱਕ ਤੋੜ ਦਿਤਾ। "ਗੁਲਾਮ ਹੁਸੈਨ ਬੰਗਲਜ਼ਈ" ਨੇ ਇਸ ਦਿਨ ਬਹਾਦਰੀ ਦੇ ਖ਼ੂਬ ਜੌਹਰ ਵਿਖਾਏ। ਇਸ ਦੀ ਇਕ ਵੈਰੀ ਨਾਲ ਝਪਟ ਹੋਈ, ਜਿਸ ਨੂੰ ਐਸੀ ਤਲਵਾਰ ਮਾਰੀ ਕਿ ਉਸ ਨੂੰ ਘੋੜੇ ਤੋਂ ਸੁਟ ਦਿਤਾ। ਖ਼ਾਨ ਦੇ ਖ਼ਜ਼ਾਨਚੀ ਮੁਲਾਦਾਰ ਨੇ ਇਕ ਸਵਾਰ ਨੂੰ ਅਜਿਹੀ ਗੋਲੀ ਮਾਰੀ ਕਿ ਉਹ ਓਸੇ ਵੇਲੇ ਨਰਕੀਂ ਸਿਧਾਰ ਗਿਆ। ਤੇ ਇੰਜ ਲਗਦਾ ਸੀ ਜਿਵੇਂ ਉਹ ਹੈ ਹੀ ਨਹੀਂ ਸੀ। ਮੁਹੰਮਦ ਹੁਸੈਨ ਨੇ ਵੀ ਇਕ ਭੈੜੇ ਮੂੰਹ ਵਾਲੇ ਨੂੰ ਜਾਨੋਂ ਮਾਰ ਮੁਕਾਇਆ। ਬਰਖ਼ੀ ਕੰਬਰਾਨੀ ਨੇ ਇਕ ਕਾਫ਼ਰ ਤੇ ਗਜ਼ਬ ਢਾਹਿਆ ਤੇ ਤਲਵਾਰ ਮਾਰ ਕੇ ਉਸ ਦੇ ਦੋ ਡੱਕਰੇ ਕਰ ਦਿਤੇ। ਫਿਰ ਘੋੜੇ ਤੋਂ ਉਤਰ ਕੇ ਉਸ ਦੇ ਹਥਿਆਰ ਵੀ ਲਾਹ ਕੇ ਕਾਬੂ ਕਰ ਲਏ। ਦਾਰੋਗਾ ਫ਼ਤੂਹੀ ਵੀ ਇਸ ਮਾਅਰਕੇ ਵਿਚ ਅਗੇ ਅਗੇ ਸੀ। ਇਸ ਘਮਸਾਨ ਦੀ ਲੜਾਈ ਵਿਚ ਸੁਲੇਮਾਨ ਯਸਾਵਲ ਨੇ ਇਕ ਦਿਉ ਵਰਗੇ ਸਿਖ ਮਗਰ ਘੋੜਾ ਲਾਇਆ ਤੇ ਲਾਗੇ ਜਾ ਕੇ ਥੋੜਾ ਮੁੜ ਕੇ ਐਸਾ ਭਰਪੂਰ ਹਥ ਤਲਵਾਰ ਦਾ ਮਾਰਿਆ ਕਿ ਉਸ ਨੂੰ ਘੋੜੇ ਤੋਂ ਹੇਠਾਂ ਸੁਟ ਦਿਤਾ। ਉਸੇ ਵੇਲੇ ਪਿਛੋਂ ਇਕ ਹੋਰ "ਸਗ" (ਸਿਖ) ਪਿਆ, ਜਿਸ ਨੇ ਇਸ ਦੇ ਸਿਰ ਤੇ ਐਸੀ ਤਲਵਾਰ ਝੰਕੀ ਕਿ ਇਸ ਦਾ ਸਿਰ ਲਾਹ ਦਿਤਾ ਤੇ ਇਹ ਘੋੜੇ ਦੀ ਕਾਠੀ ਤੋਂ ਹੇਠ ਆਣ ਡਿੱਗਾ ਤੇ ਖ਼ੁਦਾ ਦੇ ਫਜ਼ਲ ਨਾਲ ਬਹਿਸ਼ਤੀਂ ਪਹੁੰਚ ਗਿਆ।

ਜਦ ਖ਼ਾਨ ਨੇ (ਨਸੀਰ ਖਾਨ ਨੇ) ਆਪਣੇ ਘੋੜੇ ਨੂੰ ਚਮਕਾ ਕੇ ਹਵਾ ਸਮਾਨ ਤੇਜ਼ ਕੀਤਾ ਤਾਂ ਕਾਫ਼ਰਾਂ ਦੀ ਫ਼ੌਜ ਵਿਚ ਭਗਦੜ ਮੱਚ ਗਈ। ਉਹ ਨੱਸ ਉਠੇ ਤੇ ਪੱਕੇ ਦੋ ਫ਼ਰਸੰਗ, ਭਾਵ ਛੇ ਕੋਹ ਤੱਕ ਨਸਦੇ ਗਏ। ਅੱਗੇ ਇਕ ਵੇਰਾਨ ਹੋ ਚੁਕਿਆ ਪਿੰਡ ਆਇਆ ਤੇ "ਸਗ" ਲੂਮੜਾਂ ਵਾਂਗ ਉਸ ਵਿਚ ਜਾ ਵੜੇ ਤੇ ਲੁਕ ਗਏ। ਗ਼ਾਜ਼ੀ ਨਸੀਰ ਖਾਨ ਵੀ ਮਗਰੇ ਹੀ ਲੱਗਾ ਹੋਇਆ ਸੀ। ਉਹ ਪਿੰਡ ਪਾਸ ਆ ਕੇ ਖੜੋ ਗਿਆ ਤੇ ਆਪਣੇ ਘੋੜੇ ਤੋਂ ਉਤਰ ਖਲੋਤਾ। ਉਸਦਾ ਸਾਰਾ ਅਮਲਾ ਬੰਦੂਕਾਂ ਚੁਕੀ ਉਸਦੇ ਦੁਆਲੇ ਹਿਫ਼ਾਜਤ ਵਜੋਂ ਘੇਰਾ ਬੰਨ੍ਹ ਕੇ ਖਲੋ ਗਿਆ। ਇਹ ਬੰਦੂਕਾਂ ਤੇ ਤੀਰ ਕੱਸੀ ਖਲੋਤੇ ਸਨ। ਉਦੋਂ ਹੀ ਰਾਤ ਪੈ ਗਈ, ਜੋ ਸਭ ਤੋਂ ਜ਼ਿਆਦਾ ਹਨੇਰੀ ਰਾਤ ਸੀ (ਇਹ ਅਮਾਵਸ ਵਾਲੀ ਰਾਤ ਹੋਵੇਗੀ!)। ਉਧਰ ਸ਼ਹਿਨਸ਼ਾਹ ਅਬਦਾਲੀ ਵੀ ਨਸੀਰ ਖਾਨ ਦੀ ਉਡੀਕ ਵਿਚ ਰਾਹ ਵੇਖ ਰਿਹਾ ਸੀ ਤੇ ਹਨੇਰਾ ਹੁੰਦਾ ਜਾਂਦਾ ਵੇਖ ਕੇ ਡਾਢਾ ਹੈਰਾਨ ਸੀ ਕਿ ਰਾਤ ਦੇ ਇਹੋ ਜਿਹੇ ਹਨੇਰੇ ਵਿਚ ਲੜਾਈ ਕਰਨੀ ਠੀਕ ਨਹੀਂ। ਅੰਤ ਉਸ ਨੇ ਵਜ਼ੀਰ ਨੂੰ ਬੁਲਾਇਆ ਤੇ ਹੁਕਮ ਦਿਤਾ ਕਿ ਨਸੀਰ ਖਾਨ ਨੂੰ ਵਾਪਸ ਬੁਲਾ ਲਵੇ।

ਵਜ਼ੀਰ ਨੇ ਉਸੇ ਵੇਲੇ ਖਾਨ ਵਲ ਸੁਨੇਹਾ ਘਲਾਇਆ ਕਿ ਸ਼ਹਿਨਸ਼ਾਹ ਸਲਾਮਤ ਆਪ ਨੂੰ ਯਾਦ ਫਰਮਾਉਂਦੇ ਹਨ, ਇਸ ਲਈ ਛੇਤੀ ਨਾਲ ਵਾਪਸ ਆ ਜਾਵੋ। ਅਗੋਂ ਖਾਨ ਦਾ ਇਹ ਉਤਰ ਸੀ ਕਿ ਜਦ ਤੀਕ "ਸਗ" ਇਸ ਪਿੰਡ 'ਚੋਂ ਬਾਹਰ ਨਹੀਂ ਨਿਕਲਦੇ, ਮੈਂ ਵੀ ਨਹੀਂ ਆ ਸਕਦਾ। ਪਰ ਜਦ ਉਨ੍ਹਾਂ ਵੇਖਿਆ ਕਿ ਉਥੇ ਕੋਈ "ਸਗ" ਦਿਸ ਨਹੀਂ ਸੀ ਰਿਹਾ, ਤਾਂ ਖਾਨ ਘੋੜੇ ਉਤੇ ਸਵਾਰ ਹੋਇਆ ਤੇ ਪਾਤਸ਼ਾਹ ਵਲ ਮੁੜ ਆਇਆ ਤੇ ਆ ਕੇ ਪਾਤਸ਼ਾਹ ਨੂੰ ਜਿੱਤ ਦੀ ਖ਼ਬਰ ਦਿਤੀ।"

ਬਰ ਅੰਗੇਖ਼ਤ ਖ਼ਾਂ ਅਸਬ ਖ਼ੁਦ ਰਾ ਚੂ ਬਾਦ। ਹਜ਼ੀਮਤ ਦਰ ਅਫ਼ਵਾਜਿ ਕਾਫ਼ਰ ਫ਼ਤਾਦ।
ਦੋ ਫ਼ਰਸੰਗ ਪੁਖਤਾ ਗਰੇਜ਼ਾ ਸ਼ੁਦੰਦ। ਦਰਾਂ ਰਾਹ ਉਫ਼ਤਾਂ ਵ ਖੇਜ਼ਾਂ ਸ਼ੁਦੰਦ।
ਚੂ ਰਾਹਿ ਫ਼ਰਾਰੀ ਸਗਾਂ ਦਰ ਰਬੂਦ। ਸ਼ਬ ਅਜ਼ ਜੁਮਲਾ ਸ਼ਬਹਾਇ ਦੀਜੂਰ ਬੂਦ।
ਲਈਨਾਂ ਚੂ ਦੀਦੰਦ ਕਾਂ ਗਾਜ਼ੀਆਂ। ਸ਼ੁਦਾ ਦਰ ਪਸੇ ਫ਼ੌਜ ਏਸ਼ਾਂ ਦਵਾਂ।
ਦਹੇ ਬੂਦ ਵੀਰਾਂ ਦੀਵਾਰ ਹਾਸ਼। ਫ਼ਤਾਦਾ ਜ਼ਿ ਜੋਰਿ ਜ਼ਮਾਂ ਬਦ ਤਰਾਸ਼।
ਸਗਾਂ ਦਰ ਖਜ਼ੀਦੰਦ ਚੂੰ ਰੂਬਾਹਾਂ। ਬ-ਦੀਵਾਰ-ਹਾ ਤਾਕਿ ਖ਼ੁਦ ਰਾ ਨਿਹਾਂ।.....
ਹਮਾਂ ਅਮਲਾ ਵ ਖ਼ਾਸ ਖ਼ਾਨਿ ਜ਼ਮਾਂ। ਗ੍ਰਿਫ਼ਤੰਦ ਚੂੰ ਹਲਕਾ ਅਸ਼ ਦਰਮਿਆਂ।


www.AKJ.Org

ਸਤਾਦੰਦ ਯਕਸਰ ਪਸੋ ਪੇਸ਼ਿ ਖ਼ਾਂ । ਬ-ਇਖ਼ਲਾਸ ਕੁੱਲੀ ਬਰੂਏ ਸਗਾਂ ।
ਬ-ਹਰ ਯੱਕ ਅਜ਼ ਏਸ਼ਾਂ ਤਫ਼ੰਗੇ ਬ-ਦਸਤ । ਬ-ਹਰ ਤੀਰ ਸ਼ਾਂ ਕੁਸ਼ਤਾ ਸ਼ੁਦ ਬੁਤ ਪ੍ਰਸਤ ।
ਵ ਜ਼ੀਂ ਸੂ ਸਹਿਨਸ਼ਾਹੇ ਗੀਤੀ ਸਤਾਂ । ਬ-ਰਹ ਮੁਨਤਜ਼ਿਰ ਬੂਦ ਅਜ਼ ਬਹਿਰਿ ਖ਼ਾਂ ।
ਬ-ਹਰ ਦਮ ਜ਼ਿ ਲਸ਼ਕਰ ਖ਼ਬਰ ਮੇ ਗ੍ਰਿਫ਼ਤ । ਚੂ ਸ਼ਬ ਸ਼ੁਦ ਜ਼ਿ ਸ਼ਬ ਮਾਂਦ ਸ਼ਹ ਦਰ ਸ਼ਗਫ਼ਤ ।
ਕਿ ਦਰ ਸ਼ਬ ਨਮੀ ਸ਼ਾਇਦ ਈਂ ਕਾਰਜ਼ਾਰ । ਕਿ ਸ਼ਬ ਬਾਜ਼ੀ ਆਰਦ ਅਜਬ ਰੋਜ਼ਗਾਰ ।
ਫ਼ਿਰਿਸਤਾਦ ਮਰਦਮ ਬਸੂਏ ਵਜ਼ੀਰ । ਵਜ਼ੀਰੇ ਕਿ ਊ ਰਾ ਨ ਬਾਸ਼ਦ ਨਜ਼ੀਰ ।
ਕਿ ਅਜ਼ ਜੰਗਿ ਸ਼ਬ ਦਸਤ ਤਾ ਬਾਜ਼ ਦਾਰ । ਬਪਾਸ ਬਖ਼ੁਦ ਖ਼ਾਨਿ ਗ਼ਾਜ਼ੀ ਬਿ ਆਰ ।
ਚੂ ਹੁਕਮ ਸ਼ਹਿਨਸ਼ਾਹ ਸ਼ੁਨੀਦ ਆਂ ਵਜ਼ੀਰ । ਬ-ਜਾਨੋ ਬਸਰ ਗਸ਼ਤ ਫ਼ਰਮਾਂ ਪਜ਼ੀਰ ।
ਬਜਾਂ ਦਾਦ ਪੈਗ਼ਾਮ ਕਿ ਐ ਨੇਕ ਨਾਮ । ਸ਼ਹਿਤ ਖ਼ਾਸਤ ਬਾਇਦ ਸ਼ੁਦਨ ਤੇਜ਼ ਗਾਮ ।
ਪਜ਼ੀਰੰਦਾ ਸ਼ੋ ਹੁਕਮਿ ਸ਼ਾਹ ਰਾ ਬ-ਜਾਂ । ਚੁਨਾਂ ਕੇ ਬਗੋਇਦ ਬਕੁਨ ਹਮ ਚੁਨਾਂ ।
ਬਗੁਫ਼ਤਾ ਨੇਆਇਮ ਤਾ ਈਂ ਸਗਾਂ । ਨੇਆਇੰਦ ਅੱਵਲ ਬਰੂੰ ਜ਼ੀ ਮਕਾਂ ।
ਚੂ ਦੀਦੰਦ ਹਮ ਜ਼ਾਂ ਸਗਾ ਕੱਸ ਨਬੂਦ । ਬਰ ਆਮਦ ਬਰ ਅਸਬ ਆਂ ਖ਼ੁਦਾਵੰਦ ਜੂਦ ।

[ਸਫ਼ਾ ੧੦੭-੮, ਸਤਰਾਂ ੫੭ ਤੋਂ ੭੯ ਤਕ]

[ਨੋਟ—ਕਾਜ਼ੀ ਜੀ ਗੁੜ ਗੰਨਾ ਤੇ ਗਊ ਮਾਸ ਖਾਣ ਵਿਚ ਤੇ ਤਿਲਾਂ ਦਿਆਂ ਫਕਿਆਂ ਵਿਚ ਏਨੇ ਮਗਨ ਹਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਰਹਿੰਦਾ ਕਿ ਇਹ ਲੜਾਈ ਦਵਾਬੇ ਵਿਚ ਹੋ ਰਹੀ ਹੈ ਕਿ ਰਿਆੜਕੀ ਵਿਚ । ਅਗਾਂਹ ਜੋ ਗਲ ਲਿਖਦੇ ਹਨ ਕਿ "ਸ਼ਾਹ ਤੀਜੇ ਦਿਨ ਸ਼ਾਮ ਨੂੰ ਸਤਲੁਜ ਕੰਢੇ ਅਪੜਿਆ ਸੀ" ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਲੜਾਈ ਦੁਆਬੇ ਵਿਚ ਹੋਈ ਹੈ । ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਲੁਟ-ਮਾਰ ਤੇ ਤਿਲ ਗੁੜ ਅਤੇ ਗੋਸ਼ਤ ਖਾਣ ਵਿਚ ਏਨਾ ਆਪਾ ਭੁਲਾ ਬੈਠੇ ਹਨ ਕਿ ਦਰਿਆ ਬਿਆਸ ਟੱਪੇ ਦਾ ਵੀ ਪਤਾ ਨਹੀਂ ਲਗਾ ।

ਕਾਜ਼ੀ ਜੀ ਤੁਅਸਬ ਹਥੋਂ ਸੱਚ ਤੇ ਈਮਾਨ ਨੂੰ ਛਿੱਕੇ ਟੰਗ ਕੇ, ਸਿੰਘਾਂ ਦੀਆਂ ਝਪਟਾਂ ਕਾਰਨ ਜੋ ਦੁਰਾਨੀ ਤੇ ਬਲੋਚ ਲਸ਼ਕਰ ਦਾ ਮੰਦਾ ਹਾਲ ਹੁੰਦਾ ਹੈ ਤੇ ਫ਼ੌਜ ਮੁਸ਼ਕਲ ਨਾਲ ਆਪਣਾ ਆਪ ਬਚਾ ਕੇ ਤੁਰਦੀ ਹੈ, ਉਨ੍ਹਾਂ ਦੀ ਇਸ ਹਾਲਤ ਨੂੰ ਵੀ ਸਿੰਘਾਂ ਵਿਰੁਧ ਜਿਤ ਹੀ ਦਸਦੇ ਹਨ । ਪਰ ਸੱਚ ਦੇ ਸੂਰਜ ਨੂੰ ਝੂਠ ਦੇ ਬਦਲ ਬਹੁਤੀ ਦੇਰ ਤਕ ਛੁਪਾ ਨਹੀਂ ਸਕਦੇ । ਪਹਿਲਾਂ ਬੋਲੇ ਝੂਠ ਨੂੰ ਜਦ ਸੱਚ ਬੋਲ ਕੇ ਲਿਖਾਰੀ ਆਪ ਹੀ ਉਸ ਨੂੰ ਕਟਦਾ ਹੈ ਤਾਂ ਗੱਲ ਹੋਰ ਵੀ ਸਵਾਦਲੀ ਬਣ ਜਾਂਦੀ ਹੈ । ਅਹਿਮਦ ਸ਼ਾਹ ਤੜ੍ਹ ਮਾਰਦਾ ਹੈ ਕਿ—

ਚਿ ਤਦਬੀਰ ਸ ਜ਼ਮ ਜ਼ਿ ਸਗਹਾ ਲਈਂ । ਕਿ ਹਰ ਜਾ ਸ਼ੋਇਮ ਅਜ਼ ਸਰੇ ਖਸ਼ਮੋ ਕੀਂ ।
ਨਾ ਯਾਬੰਦ ਸਗਹਾ ਗਰੇਜ਼ਾਂ ਸ਼ਵੰਦ । ਬ-ਹਰ ਜਾ ਕਿ ਤਾਜ਼ੇਮ ਜ਼ਾਂਜਾ ਰਵੰਦ ।

ਮਤਲਬ ਇਹ ਕਿ "ਸਿਖਾਂ ਕਾਫਰਾਂ ਦੀ ਕੀ ਬਿਧ ਕਰੀਏ ਕਿ ਜਿਥੇ ਅਸੀਂ ਪਹੁੰਚਦੇ ਹਾਂ ਇਨ੍ਹਾਂ ਨੂੰ ਤਬਾਹ ਕਰਨ ਲਈ, ਇਹ ਉਥੋਂ ਨੱਸ ਭੱਜ ਜਾਂਦੇ ਹਨ, ਕਿ ਕਿਧਰੇ ਲਭਦੇ ਹੀ ਨਹੀਂ । ਕਾਜ਼ੀ ਜੀ ਮਿਰਚ-ਮਸਾਲਾ ਲਾ ਕੇ ਦਸ ਰਹੇ ਹਨ ਕਿ ਸਿਖ ਪਾਤਸ਼ਾਹ ਦੇ ਨਾਂ ਤੋਂ ਹੀ ਡਰਦੇ ਮਾਰੇ ਅਗੇ ਅਗੇ ਨੱਸੇ ਫਿਰਦੇ ਹਨ । ਜਾਨ ਬਚਾਉਣ ਲਈ ਲੁਕਦੇ ਫਿਰਦੇ ਹਨ ।" ਕਾਜ਼ੀ ਜੀ ਕੁਝ ਸਤਰਾਂ ਅੱਗੇ ਜਾ ਕੇ ਆਪ ਹੀ ਬੜੇ ਠਰ੍ਹੰਮੇ ਨਾਲ ਦਸਦੇ ਹਨ ਕਿ ਇਕ ਦਿਨ ਸੰਜੋਗ ਨਾਲ "ਸਗਾਂ" ਦਾ ਲਸ਼ਕਰ ਜ਼ਾਹਿਰ ਹੋਇਆ ਤੇ ਕਰਾਵਲ (ਹਰੋਲ) ਦਾ ਰਾਹ ਮੱਲ ਦੇ ਉਨ੍ਹਾਂ ਦੇ ਗੱਲ ਪੈ ਗਿਆ । ਵਿਚਾਰ ਵਾਲੀ ਗੱਲ ਇਹ ਹੈ ਕਿ ਜੋ ਪਾਤਸ਼ਾਹ ਦੇ ਡਰੋਂ ਲੁੱਕਦੇ ਫਿਰਦੇ ਹਨ ਉਹ ਐਡੇ ਵੱਡੇ ਪਾਤਸ਼ਾਹ ਦੇ ਲਸ਼ਕਰ ਦਾ ਰਾਹ ਮੱਲ ਕੇ ਉਸ ਦੇ ਗੱਲ ਕਿਵੇਂ ਪੈਣਗੇ ? ਇਸ ਤੋਂ ਸਾਫ਼ ਜ਼ਾਹਿਰ ਹੈ, ਉਹ ਅਹਿਮਦ ਸ਼ਾਹ ਨੂੰ ਕੱਖ ਵੀ ਨਹੀਂ ਸਮਝਦੇ । ਇਹ ਰਾਹ ਮਲਣ ਵਾਲੇ ਇਸ ਵੇਲੇ ਹੋਣਗੇ ਭਲਾ ਕਿੰਨੇ ਕੁ ? ਤੁਸਾਂ ਪੜ੍ਹਿਆ ਹੈ ਕਿ ਇਸ ਵੇਲੇ ਬੁੱਢਾ ਦਲ ਦਿਲੀ ਨੂੰ ਘੇਰੀ ਪਿਆ ਹੈ । ਤਰੁਣਾ ਦਲ ਹੀ ਪੰਜਾਬ ਵਿਚ ਹੈ । ਚੜ੍ਹਤ ਸਿੰਘ ਨੇ ਅਹਿਮਦ ਸ਼ਾਹ ਉਤੇ ਪਹਿਲਾ ਝਪਟਾ ਲਾਹੌਰ ਦੀਆਂ ਕੰਧਾਂ ਹੇਠ ਮਾਰਿਆ ਹੈ । ਭੰਗੀ ਮਿਸਲ ਦਿਆਂ ਸਰਦਾਰਾਂ ਦਾ ਹਿੱਸਾ ਲਾਹੌਰ ਅਤੇ ਮੁਲਤਾਨ ਦੇ ਵਿਚਕਾਰ ਤੇ ਕੁਝ ਮਾਝ


www.AKJ.Org

ਵਿਚ ਹੈ। ਰਿਆੜਕੀ ਤੇ ਦੁਆਬੇ ਵਿਚ ਰਾਮਗੜ੍ਹੀਆ ਅਤੇ ਕਨ੍ਹਈਆ ਮਿਸਲ ਦੇ ਹੀ ਇਲਾਕੇ ਸਨ। ਇਸ ਤੋਂ ਸਾਫ਼ ਹੈ ਕਿ ਇਹ ਲੜਾਈ ਇਨ੍ਹਾਂ ਦੋਹਾਂ ਮਿਸਲਾਂ ਨੇ ਹੀ ਕੀਤੀ ਹੋਵੇਗੀ। ਇਨ੍ਹਾਂ ਮਿਸਲਾਂ ਦੀ ਮਿਲਾ ਕੇ ਵੀ ਫ਼ੌਜ ਅਹਿਮਦ ਸ਼ਾਹ ਦੇ ਅਸਲਾਮੀ ਲਸ਼ਕਰ ਦਾ ਸਤਵਾਂ ਜਾਂ ਅਠਵਾਂ ਹਿਸਾ ਹੋਵੇਗੀ। ਕਾਜ਼ੀ ਜੀ ਦੇ ਜੇਕਰ ਈਮਾਨ ਪੱਲੇ ਹੁੰਦਾ ਤਾਂ ਸਿਖਾਂ ਦੀ ਘਾਲ ਉਤੇ ਅਸ਼ ਅਸ਼ ਕਰਦੇ। ਪਰ ਉਨ੍ਹਾਂ ਦੀ ਖ਼ੁਦਗਰਜ਼ੀ ਤੇ ਤੁਅਸਬ ਦਾ ਤਕਾਜ਼ਾ ਪੇਸ਼ ਨਹੀਂ ਜਾਣ ਦੇਂਦਾ।

ਹੋਰ ਮਜ਼ੇਦਾਰ ਗੱਲ ਵੇਖੋ। ਜਹਾਨ ਖਾਂ ਵੱਡਾ ਜਰਨੈਲ, ਜਿਸ ਨੇ ਮਰਹੱਟਿਆਂ ਦਾ ਬੁਰਾ ਹਾਲ ਕੀਤਾ ਸੀ ਤੇ ਮਥਰਾ ਬਿੰਦਰਾਬਨ ਤੇ ਗੋਕਲ ਦਾ ਅਸਲੋਂ ਹੀ ਸਤਿਆਨਾਸ ਕਰ ਸੁਟਣ ਵਾਲਾ, ਆਗਰਾ ਤੇ ਮਥਰਾ ਦੇ ਦਰਮਿਆਨ ਕੋਈ ਚੀਜ਼ ਵੀ, ਦਰੱਖਤ, ਫਸਲ ਮਕਾਨ ਖੜੇ ਨਾ ਛਡਣ ਵਾਲਾ, ਸਿੰਘਾਂ ਨੂੰ ਵੇਂਹਦਿਆ ਸਾਰ ਆਪਣੇ ਪੈਰਾਂ ਤੇ ਹੀ ਰੁਕ ਜਾਂਦਾ ਹੈ ਤੇ ਓਨਾ ਚਿਰ ਹਿਲਦਾ ਨਹੀਂ ਜਿੰਨਾ ਚਿਰ ਸਾਰਾ ਲਸ਼ਕਰ ਨਹੀਂ ਆ ਜਾਂਦਾ। ਉਸ ਨੇ ਲਸ਼ਕਰ ਪਹੁੰਚੇ ਤੋਂ ਪਿਛੋਂ ਲੜਾਈ ਵਿਚ-ਦੀ ਹਿਸਾ ਪਾਇਆ। ਏਡੇ ਵਡੇ ਜੰਗਜੂ ਬਾਰੇ ਕਾਜ਼ੀ ਜੀ ਨੇ ਇਕ ਸਤਰ ਵੀ ਨਹੀਂ ਲਿਖੀ। ਸਾਫ਼ ਜ਼ਾਹਿਰ ਹੈ ਕਿ ਇਹ ਸਿੰਘਾਂ ਦੇ ਹੱਥ ਚੰਗੂ ਵੇਖ ਚੁਕਿਆ ਹੈ ਤੇ ਉਨ੍ਹਾਂ ਤੋਂ ਬਚਾਅ ਹੀ ਕਰਨ ਵਿਚ ਖ਼ੈਰ ਸਮਝਦਾ ਹੈ।

ਕਾਜ਼ੀ ਜੀ ਇਸ ਲੜਾਈ ਦੀ ਇਕ ਧੁੰਦਲੀ ਜਿਹੀ ਤਸਵੀਰ ਪੇਸ਼ ਕਰਦੇ ਹਨ। ਬਾਅਦ ਦੀਆਂ ਲੜਾਈਆਂ ਵਾਂਗ ਇਸ ਵਿਚ ਲੜਨ ਵਾਲੇ ਸਿੰਘਾਂ ਸਰਦਾਰਾਂ ਦੇ ਨਾਂ ਨਹੀਂ ਦੇਂਦੇ, ਜਿਵੇਂ ਕਿ ਮੁੜਦੇ ਅਬਦਾਲੀ ਨਾਲ ਸਤ ਦਿਨ ਸਿਘ ਲੜਦੇ ਰਹੇ। ਇਹ ਗੱਲ ਸ਼ੱਕ ਨਹੀਂ ਰਹਿਣ ਦੇਂਦੀ ਕਿ ਇਹ ਫੌਜੀ ਟੁਕੜੀ ਬਹੁਤੀ ਵੱਡੀ ਨਹੀਂ ਸਗੋਂ ਛੋਟੀ ਜਿਹੀ ਹੈ, ਜਿਸ ਦੇ ਆਗੂਆਂ ਬਾਰੇ ਕਾਜ਼ੀ ਜੀ ਨੂੰ ਕੋਈ ਜਾਣਕਾਰੀ ਨਹੀਂ ਹੈ। ਲੜਾਈ ਕਾਫ਼ੀ ਦੇਰ ਘਮਸਾਨ ਦੀ ਹੋਈ ਹੈ, ਜਿਵੇਂ ਕਿ ਲਿਖਾਰੀ ਦਸਦਾ ਹੈ ਕਿ ਲੜਦਿਆਂ ਲੜ ਦਿਆਂ ਵਿਚੇ ਰਾਤ ਪੈ ਗਈ ਤੇ ਅਹਿਮਦ ਸ਼ਾਹ ਨੂੰ ਨਸੀਰ ਖਾਨ ਦੀ ਜਾਨ ਦਾ ਵਿਸਵਿਸਾ ਲੱਗਾ ਹੋਇਆ ਸੀ ਤੇ ਉਸ ਨੇ ਵਜ਼ੀਰ ਰਾਹੀਂ ਉਚੇਚਾ ਕਾਸਿਦ ਘਲਾਇਆ ਤੇ ਉਸ ਨੂੰ ਫ਼ੌਰਨ ਵਾਪਸ ਆ ਜਾਣ ਲਈ ਕਿਹਾ। ਦੁਰਾਨੀਆਂ ਦੀ ਫ਼ੌਜ ਪਾਸੋਂ ਇਸ ਲੜਾਈ ਵਿਚ ਸਰਿਆ ਕੱਖ ਵੀ ਨਹੀਂ, ਪਰ ਕਾਜ਼ੀ ਜੀ ਫੋਕੀ ਹੈਂਕੜ ਬਣਾਉਣ ਬਦਲੇ ਇਕ ਜਾਅਲੀ ਜਿਹਾ ਨਕਸ਼ਾ ਪੇਸ਼ ਕਰਦੇ ਹਨ। ਜਿਵੇਂ ਕਿ "ਅੱਜ ਵਾਲੇ ਲੜਨ ਵਾਲੇ ਸਾਰੇ ਸੂਰਮਿਆਂ ਦੇ ਨਾਮ ਮੈਨੂੰ ਯਾਦ ਨਹੀਂ, ਪਰ ਉਨ੍ਹਾਂ ਦੀ ਘਾਲ ਉਤੇ ਆਫ਼ਰੀਨ ਹੀ ਕਿਹਾ ਜ਼ਾ ਸਕਦੈ। ਉਨ੍ਹਾਂ ਵਿਚ ਇਕ ਸਯਦ ਨੂਹ ਸ਼ਾਹ ਸੀ ਜਿਸ ਨੇ ਤਲਵਾਰ ਦੇ ਇਕੋ ਹੱਥ ਨਾਲ ਇਕ ਕਾਫ਼ਰ ਦਾ ਲੱਕ ਤੋੜ ਦਿਤਾ। ਗੁਲਾਮ ਹੁਸੈਨ ਬੰਗਲਜ਼ਈ ਨੇ ਇਕ ਸਿਖ ਦੀ ਬਾਂਹ ਉਤੇ ਤਲਵਾਰ ਮਾਰੀ ਤੇ ਉਸ ਨੂੰ ਘੋੜੇ ਦੀ ਕਾਠੀ ਤੋਂ ਭੁੰਜੇ ਸੁਟ ਦਿਤਾ। ਮੁਲਾਂਦਾਰ ਨੇ ਇਕ "ਸਗ" ਨੂੰ ਗੋਲੀ ਮਾਰ ਕੇ ਨਰਕੀਂ ਪਹੁੰਚਾ ਦਿਤਾ। ਇਕ ਸਿਖ ਨੂੰ ਮੁਹੰਮਦ ਹੁਸੈਨ ਨੇ ਮਾਰ ਸੁਟਿਆ। ਬਰਖ਼ੀ ਕੰਬਰਾਨੀ ਨੇ ਇਕ ਕਾਫ਼ਰ ਦੇ ਤਲਵਾਰ ਨਾਲ ਦੋ ਡੱਕਰੇ ਬਣਾ ਛੱਡੇ ਤੇ ਉਸ ਦੇ ਹਥਿਆਰ ਲਾਹ ਲਏ। ਦਾਰੋਗਾ ਫਤੀਹੀ (ਫਤੂਹੀ) ਨੇ ਜ਼ੋਰ ਤਾਂ ਬਹੁਤ ਲਾਇਆ ਪਰ 'ਸੱਗ" ਨਸ ਜਾਂਦੇ ਰਹੇ, ਉਸ ਤੋਂ ਸਰਿਆਂ ਕੋਈ ਨਹੀਂ। ਸੁਲੇਮਾਨ "ਯਸਾਵਲ" ਨੇ ਇਕ "ਸੱਗ" ਨੂੰ ਥਾਂ ਤੇ ਰਖਿਆ ਤੇ ਪਿਛੋਂ ਇਕ ਕਾਫ਼ਰ ਜੋ ਪਿਆ ਤਾਂ ਉਸ ਨੇ ਸੁਲਮਾਨ "ਯਸਾਵਲ" ਦਾ ਸਿਰ ਲਾਹ ਕੇ ਉਸਨੂੰ "ਸ਼ਹੀਦ" ਕਰ ਦਿਤਾ ਤੇ ਉਹ ਮੌਲਾ ਦੇ ਫ਼ਜ਼ਲ ਨਾਲ ਸੁਰਗੀਂ ਜਾ ਪਹੁੰਚਿਆ।" ਕਾਜ਼ੀ ਜੀ ਦੇ ਇਹ ਛੇ ਸੂਰਮੇ ਇਕ ਇਕ ਕਾਫ਼ਰ ਮਾਰਦੇ ਹਨ ਤੇ ਛੇਵਾਂ ਸੁਲੇਮਾਨ ਆਪ ਵੀ "ਸੁਰਗ" ਵਿਚ ਜਾ ਅੱਪੜਦਾ ਹੈ।ਸੋਚਣ ਵਾਲੀ ਗੱਲ ਹੈ ਕਿ ਸਾਰਾ ਦਿਨ ਦੀ ਲੜਾਈ ਵਿਚ ਸਭੋ ਕੁਝ ਇਹੋ ਹੀ ਹੋਇਆ ! ਲਸ਼ਕਰ ਦੀ ਕਮਾਨ ਅਹਿਮਦ ਸ਼ਾਹ ਆਪ ਕਰ ਰਿਹਾ ਹੈ, ਸ਼ਾਹ ਵਲੀ ਖਾਨ, ਜਹਾਨ ਖਾਨ, ਨਸੀਰ ਖਾਨ ਵਰਗੇ ਨਾਲ ਹਨ ਤੇ ਲਸ਼ਕਰ ਦੀ ਗਿਣਤੀ ਵੀ ਤੀਹ ਹਜ਼ਾਰ ਜਮ੍ਹਾ ਕਾਬਲੀ ਮੱਲ ਦੀ ਲਾਹੌਰ ਵਾਲੀ ਫੌਜ। ਤੇ ਮਰੇ ਛੇ "ਸਿਖ ਕਾਫ਼ਰ !" ਤੇ ਉਹ ਵੀ ਸਾਰੇ ਦਿਨ ਵਿਚ !!

ਹੋਰ ਸੁਣੋ। ਨਸੀਰ ਖਾਨ ਨੇ ਘੋੜੇ ਨੂੰ ਚਮਕਾਇਆ ਤੇ ਹਵਾ ਵਾਂਗ ਸਿਖਾਂ ਵਿਚ ਜਾ ਵੜਿਆ ਤੇ ਉਨ੍ਹਾਂ ਨੂੰ ਭਾਜ ਪਾ ਦਿਤੀ। ਸਿੱਖ ਕਾਫ਼ਰ ਨੱਸ ਉਠੇ ਤੇ ਦੋ ਫ਼ਰਸੰਗ ਯਾਅਨੀ ਛੇ ਕੋਹ (ਲਗ ਪਗ ਅਠ ਨੌਂ ਮੀਲ)


www.AKJ.Org

ਤਕ ਨਸਦੇ ਗਏ। ਵਿਚੇ ਰਾਤ ਪੈ ਗਈ, ਤੇ ਰਾਤ ਅਤੀ ਅੰਨ੍ਹੇਰੀ ਰਾਤ ਸੀ। ਸਿਖ ਨੱਸ ਕੇ ਇਕ ਢਠੇ ਤੇ ਵੈਰਾਨ ਪਿੰਡ, ਜਿਸ ਦੀਆਂ ਕਿ ਕੰਧਾਂ ਵੀ ਡਿਗ ਚੁਕੀਆਂ ਸਨ, ਦੇ ਓਹਲੇ ਲੁਕ ਗਏ ਤੇ ਖਾਨ ਤੇ ਉਸ ਦੇ ਖਾਸ ਅਮਲੇ ਨੇ ਪਿੰਡ ਨੂੰ ਘੇਰ ਲਿਆ :—

"ਦਹੇ ਬੂਦ ਵੀਰਾਂ ਦੀਵਾਰ ਹਾਸ਼। ਫ਼ਤਾਦਾ ਜ਼ਿ ਜੌਰਿ ਜਮਾਂ ਬਦ ਤਫ਼ਾਸ਼।
ਸਗਾਂ ਦਰ ਖ਼ਜ਼ੀਦੰਦ ਚੂੰ ਰੂਬਾਹਾਂ। ਬ-ਦੀਵਾਰ-ਹਾ ਤਾਕਿ ਖ਼ੁਦ ਰਾ ਨਿਹਾਂ।"

ਕਾਜ਼ੀ ਜੀ ਦੇ ਫ਼ੁਰਮਾਉਣ ਅਨੁਸਾਰ ਨਸੀਰ ਖ਼ਾਨ ਦਾ ਘੋੜਾ ਹਵਾ ਜਿੰਨੀ ਤੇਜ਼ ਰਫ਼ਤਾਰ ਰਖਦਾ ਹੈ। ਖਾਨ ਇਸ ਘੋੜੇ ਨੂੰ ਚਮਕਾ ਕੇ, ਭਾਵ ਤੂਫ਼ਾਨ ਦੀ ਰਫ਼ਤਾਰ ਨਾਲ ਸਿਖਾਂ ਵਿਚ ਆ ਕੇ ਪੈਂਦਾ ਹੈ। ਸਿਖਾਂ ਨੂੰ ਭਾਂਜ ਪੈ ਗਈ ਤੇ ਉਹ ਸਾਰੇ ਨੱਸ ਉੱਠੇ। ਖਾਨ ਸਾਹਿਬ ਤੇ ਉਸ ਦਾ ਅਮਲਾ ਵੀ ਮਗਰੇ ਲੱਗ ਗਿਆ। ਦੋ ਫਰਸੰਗ (੬ ਕੋਹ ਜਾਂ ੮-੯ ਮੀਲ) ਤਕ ਪਿੱਛਾ ਕੀਤਾ। ਸਿਖ ਇਕ ਵੀਰਾਨ ਪਿੰਡ ਵਿਚ ਜਾ ਵੜੇ। ਕਾਜ਼ੀ ਹੁਰਾਂ ਲਿਖਣ ਲੱਗਿਆਂ ਸੋਚਿਆ ਹੋਣੈ ਕਿ ਬੱਸ ਇਹ ਨਸੀਰ ਖਾਨ ਤੋਂ ਪਿਛੋਂ ਹੋਰ ਕਿਸ ਨੇ ਪੜ੍ਹਨਾ ਹੈ! ਜੋ ਕੁਝ ਲਿਖ ਦਿਤਾ, ਬਸ ਇਸਮਿ ਆਜ਼ਮ ਸਮਝਿਆ ਜਾਵੇਗਾ ਤੇ ਵਜ਼ੀਫ਼ੇ ਵਾਂਗ ਪੜ੍ਹਨਗੇ, ਵਿਚਾਰਨਾ ਕਿਸ ਨੇ ਹੈ!

ਕਾਜ਼ੀ ਦੀ ਨੇ ਵਜਹ ਨਹੀਂ ਦਸੀ ਕਿ ੮-੯ ਮੀਲ ਦਾ ਪੰਧ ਸਿਖਾਂ ਪਿਛੇ ਕੀਤਾ ਹੈ ਤੇ ਖਾਨ ਦਾ ਤੂਫਾਨ ਦੀ ਰਫਤਾਰ ਵਾਲਾ ਘੋੜਾ ਸਿਖਾਂ ਨੂੰ ਮਿਲ ਕਿਉਂ ਨਹੀਂ ਸਕਿਆ। ਸਿਖਾਂ ਦਿਆਂ ਘੋੜਿਆਂ ਦਾ ਖ਼ਾਨਾਂ ਦਿਆਂ ਘੋੜਿਆਂ ਨਾਲ ਕੀ ਮੁਕਾਬਲਾ! ਅੱਠ ਮੀਲ ਤਕ ਕੋਈ ਡਾਹੀ ਨਾ ਦੇਵੇ! ਫਿਰ ਜਿਸ ਪਿੰਡ ਵਿਚ ਲੁਕੇ ਦਸਿਆ ਹੈ, ਉਸ ਦੀਆਂ ਤਾਂ ਛਤਾਂ ਤੇ ਕੰਧਾਂ ਵੀ ਨਹੀਂ। ਨਿਰੋਲ ਥੇਹ ਹੋਵੇਗਾ, ਜਿਵੇਂ ਕਾਜ਼ੀ ਜੀ ਦਸਦੇ ਹਨ ਤੇ ਸਿਖ ਇਸ ਵੀਰਾਨ ਥੇਹ ਵਿਚ ਕਿਵੇਂ ਲੁਕ ਗਏ? ਖਾਨ ਬਹਾਦਰ ਤੇ ਉਸਦਾ ਅਮਲਾ ਇਸ ਵੀਰਾਨ ਪਿੰਡ ਨੂੰ ਘੇਰੀ ਖਲੋਤੇ ਹਨ। ਜੇ ਸਿਖ ਉਸ ਥੇਹ ਵਿਚ ਜਾਂ ਥੇਹ ਉਤੇ ਮੌਜੂਦ ਸਨ ਤਾਂ ਨਸੀਰ ਖਾਨ ਨੇ ਉਨ੍ਹਾਂ ਉਤੇ ਹਮਲਾ ਕਿਉਂ ਨਾ ਕੀਤਾ? ਖਾਨਾਂ ਪਾਸ ਬੰਦੂਕਾਂ ਵੀ ਸਨ। ਫਿਰ ਢਿਲ ਕਿਉਂ? ਕਾਜ਼ੀ ਜੀ ਇਹ ਸਾਫ ਨਹੀਂ ਦਸਦੇ ਕਿ ਨਸੀਰ ਖਾਨ ਤੇ ਉਸਦੀ ਫੌਜ ਸਿਖਾਂ ਨੂੰ ਘੇਰੀ ਖਲੋਤੇ ਹਨ ਕਿ ਇਕੱਲੇ ਥੇਹ ਨੂੰ ਹੀ ਘੇਰਾ ਘਤੀ ਖਲੋਤੇ ਹਨ!

ਦੂਜੇ ਪਾਸੇ ਅਹਿਮਦ ਸ਼ਾਹ ਦੇ ਭਾ ਦੀ ਬਣੀ ਹੋਈ ਹੈ ਕਿ ਐਸੀ ਅੰਨ੍ਹੇਰੀ ਰਾਤ ਵਿਚ ਸਿਖਾਂ ਦੇ ਪਿਛੇ ਪੈਣਾ ਤੇ ਉਨ੍ਹਾਂ ਨਾਲ ਜੰਗ ਦੀ ਸੋਚਣਾ ਅਤੀ ਖ਼ਤਰਨਾਕ ਹੈ। ਉਸ ਨੇ ਵਜ਼ੀਰ ਨੂੰ ਹੁਕਮ ਦਿਤਾ ਹੈ ਕਿ ਨਸੀਰ ਖਾਨ ਨੂੰ ਫ਼ੌਰਨ ਬੁਲਾਉ। ਜਦ ਇਕ ਤੇਜ਼ ਰਫਤਾਰ ਕਾਸਦ ਨੇ ਜਾ ਕੇ ਸ਼ਾਹ ਦਾ ਹੁਕਮ ਦਿਤਾ ਕਿ ਵਾਪਸ ਆਉ। ਅਗੋਂ ਨਸੀਰ ਖਾਨ ਨੇ ਕਿਹਾ ਕਿ ਮੈਂ ਓਨਾ ਚਿਰ ਏਥੋਂ ਨਹੀਂ ਆਉਣਾ ਜਿੰਨਾ ਚਿਰ "ਸੱਗ" ਇਸ ਪਿੰਡ ਵਿਚੋਂ ਬਾਹਰ ਨਹੀਂ ਨਿਕਲਦੇ। ਪਰ ਜਦ ਵੇਖਿਆ ਤਾਂ ਓਥੇ ਸਿਖ ਹੈ ਹੀ ਨਹੀਂ ਸਨ।

ਮਾਲੂਮ ਹੁੰਦਾ ਹੈ ਕਿ ਕਾਜ਼ੀ ਜੀ ਜੰਗ ਦੀ ਤਸਵੀਰ ਪੇਸ਼ ਕਰਦੇ ਕਰਦੇ ਕਿਸੇ ਅਲਫ਼-ਲੈਲਾ ਦੀ ਕਹਾਣੀ ਵਿਚ ਜਾ ਵੜੇ ਹਨ। ਜਿਵੇਂ ਕੋਈ ਸ਼ਹਿਜ਼ਾਦਾ ਦੇਵਾਂ ਦੇ ਖ਼ਿਲਾਫ਼ ਲੜ ਰਿਹਾ ਹੋਵੇ। ਅਸਲ ਗੱਲ ਇਹ ਜਾਪਦੀ ਹੈ ਕਿ ਨਸੀਰ ਖਾਨ ਲਾਹੌਰ ਲਾਗੇ ਸਿੰਘਾਂ ਨਾਲ ਹੋਈ ਝੜਪ ਤੋਂ ਕਾਫੀ ਸਬਕ ਸਿਖ ਚੁਕਿਆ ਹੈ। ਉਹ ਸਿੰਘਾਂ ਤੋਂ ਬਚਦਾ ਹੈ। ਬਚ ਬਚ ਕੇ ਚਲਣ ਦੀ ਹੀ ਅਹਿਮਦ ਸ਼ਾਹ ਵੀ ਹਦਾਇਤ ਕਰਦਾ ਹੈ। ਜਿਹੜੇ ਦਮਗਜੇ ਤੇ ਤੜਾਂ ਮਾਰ ਕੇ ਕਲਾਤੋਂ ਚਲੇ ਸਨ, ਜੇ ਝੂਠ ਸੱਚ ਗੰਢ ਕੇ ਖਾਨ ਜੀ ਦੀ ਕਥਿਤ ਬਹਾਦਰੀ ਕਾਜ਼ੀ ਜੀ ਨਾ ਦਰਸਾਉਣ ਤਾਂ ਕੀ ਇਹ ਲਿਖਣ ਕਿ ਸਾਰਾ ਦਿਨ ਸਿੰਘ ਦੁਰਾਨੀ ਲਸ਼ਕਰ ਨੂੰ ਛਿੱਤਰ ਪੌਲਾ ਕਰਦੇ ਰਹੇ ਤੇ ਸ਼ਾਮ ਨੂੰ ਆਰਾਮ ਨਾਲ ਜੰਗਲ ਵਲ ਚਲੇ ਗਏ? ਇਸ ਤਰ੍ਹਾਂ ਕਹਿਣ ਨਾਲ ਕਾਜ਼ੀ ਜੀ ਮਾਰੀਦੇ ਹਨ। ਕਾਜ਼ੀ-ਗਿਰੀ ਦਾ ਅਹੁਦਾ ਮਿਲਣ ਦੀ ਆਸ ਨਹੀਂ ਰਹਿ ਜਾਂਦੀ।

ਵਿਚਾਰਨ ਵਾਲੀ ਗੱਲ ਹੈ ਕਿ ਸਾਰਾ ਦਿਨ ਤਾਂ ਖਾਨ ਸਾਹਿਬ ਲੜਦਿਆਂ ਸਿੰਘਾਂ ਦੇ ਲਾਗੇ ਨਹੀਂ ਢੁਕਦੇ ਤੇ ਸ਼ਾਮ ਨੂੰ ਹਵਾ ਜਿੰਨਾ ਤੇਜ਼ ਘੋੜਾ ਛੇੜ ਕੇ ਸਿੰਘਾਂ ਨੂੰ ਭਾਂਜ ਆਣ ਪਾਉਂਦੇ ਹਨ। ਪਾਠਕਾਂ ਲਈ ਕਿਡਾ ਸੋਹਣਾ ਸੁਪਨਾ ਉਲੀਕਿਆ ਹੈ!

ਕਾਜ਼ੀ ਜੀ ਦੀ ਤੇ ਨਸੀਰ ਖ਼ਾਨ ਦੀ ਫੋਕੀ ਹੈਂਕੜ ਵਿਚ-ਦੀ ਸੱਚ ਝਾਕਦਾ ਹੈ, ਇਹ ਮਲਾਹਜ਼ੇ ਜੋਗ


www.AKJ.org

ਹੈ। ਸ਼ਾਮ ਹੋਈ ਤੋਂ ਜਾਂ ਸਿੰਘ ਜੰਗਲ ਵਲ ਪਿਛੇ ਹਟੇ ਤਾਂ ਨਸੀਰ ਖਾਨ ਨੇ ਆਪਣਾ ਆਪ ਵਿਖਾਉਣ ਹਿਤ ਜ਼ਰੂਰ ਸਿਖਾਂ ਦਾ ਪਿਛਾ ਕੀਤਾ ਹੋਊ। ਅਹਿਮਦ ਸ਼ਾਹ ਤੇ ਬਾਕੀ ਫ਼ੌਜ ਨੂੰ ਆਪਣੀ ਫੜ ਵਿਖਾਉਣ ਲਈ ਝਾਕਾ ਦਿਤਾ ਹੈ। ਗਿਆ ਪਿਛੇ ਹੈ, ਪਰ ਕਾਫ਼ੀ ਸਾਰੀ ਵਿਥ ਉਤੇ, ਮਤੇ ਕਿਤੇ ਸਿਖ ਪਿਛਾਂਹ ਭਉਂ ਕੇ ਤੱਕ ਵੀ ਨਾ ਲੈਣ। ਅੱਠ ਮੀਲ ਪਿੱਛਾ ਕਰਨਾ ਕੋਈ ਮਾਮੂਲੀ ਜਿਹੀ ਗੱਲ ਨਹੀਂ। ਜਿਨ੍ਹਾਂ ਸਾਰਾ ਦਿਨ ਲੜ ਕੇ ਫਿਰ ਅੱਠ ਮੀਲ ਤਕ ਡਾਹੀ ਨਹੀਂ ਦਿਤੀ (ਜੇ ਇਹ ਮੰਨ ਲਈਏ ਕਿ ਨਸੀਰ ਖਾਨ ਵਾਕਿਆ ਹੀ ਉਨ੍ਹਾਂ ਦੇ ਠੇਡੀਂ ਚੜ੍ਹਿਆ ਗਿਆ ਹੋਊ) ਪ੍ਰਸੰਸਾ ਦੇ ਪਾਤਰ ਉਹ ਹੋਏ ਕਿ ਨਸੀਰ ਖਾਨ! ਪਰ ਕਾਜ਼ੀ ਜੀ ਦਿਲ ਗੁਰਦਾ ਤੇ ਈਮਾਨ ਕਿਥੋਂ ਲਿਆਉਣ ? ਉਹ ਤਾਂ ਨਸੀਰ ਖਾਂ ਦੀ ਹਉਮੈ ਨੂੰ ਪੱਠੇ ਪਾ ਰਹੇ ਹਨ।

ਹੁਣ ਮਗਰ ਮਗਰ ਏਨੀ ਵਾਟ ਜਾ ਕੇ ਐਵੇਂ ਪਿਛੇ ਵੀ ਕਿਵੇਂ ਮੁੜ ਆਉਣ! ਜ਼ਰੂਰ ਏਨੀ ਵਿਥ ਉਤੇ ਜਾ ਕੇ ਕੋਈ ਉਜੜਿਆ, ਢਠਾ ਤੇ ਥੇਹ ਹੋਇਆ ਪਿੰਡ ਆਇਆ ਹੋਵੇਗਾ। ਬਸ ਗੈਲ ਛੁਟੀ। ਇਹੋ ਚਾਹੁੰਦੇ ਸਨ, ਝਟ ਘੇਰ ਕੇ ਖਲੋ ਗਏ ਕਿ ਸਿਖ ਇਹਦੇ ਵਿਚ ਹੀ ਹਨ। ਜੇ ਸਿਖ ਵਿਚ ਸਨ ਤਾਂ ਫਿਰ ਕੀ ਉਹ ਕੀੜੇ-ਮਕੌੜੇ ਸਨ, ਜੋ ਖੁੱਡਾਂ ਵਿਚ ਜਾ ਲੁਕੇ! ਇਹ ਸਭ ਡਰਾਮਾ ਅਹਿਮਦ ਸ਼ਾਹ ਅਬਦਾਲੀ ਦੇ ਦਿਲ ਤੇ ਅਸਰ ਪਾਉਣ ਲਈ ਹੀ ਖੇਡਿਆ ਗਿਆ ਹੋਊ। ਪਿਆਰੇ ਪਾਠਕ ਜੀ! ਵੇਖੋ ਨਾ ਕਿ ਜੇ ਸਿਖ ਉਥੇ ਹੈ ਹੀ ਨਹੀਂ ਸਨ ਤਾਂ ਫਿਰ ਘੇਰੀ ਕਿਸ ਚੀਜ਼ ਨੂੰ ਖੜਾ ਸੀ ? ਮਗਰੋਂ ਜੋ ਕਾਸਿਦ ਆਉਣ ਤੇ ਕਹਿ ਦਿਤਾ ਕਿ ਸਿਖ ਦਿਸਦੇ ਹੀ ਨਹੀਂ, ਪਹਿਲਾਂ ਕਿਉਂ ਨਾ ਕਹਿ ਦਿਤਾ ਕਿ ਸਿਖ ਦਿਸਦੇ ਨਹੀਂ, ਚਲੋ ਚੱਲੀਏ। ਅਸਲ ਵਿਚ ਇਸ ਕਾਸਿਦ ਦੀ ਹੀ ਉਡੀਕ ਸੀ ਕਿ ਜਾ ਕੇ ਪਾਤਸ਼ਾਹ ਨੂੰ ਦਸਣ ਵਾਲੇ ਤਾਂ ਬਣਨਗੇ ਕਿ ਖਾਨ ਸਾਹਿਬ ਨੂੰ ਬੜੀ ਮੁਸ਼ਕਲ ਨਾਲ ਘੇਰਾ ਉਠਾਉਣ ਲਈ ਮੰਨਾ ਕੇ, ਵਾਪਸ ਮੋੜ ਕੇ ਲਿਆਂਦਾ ਹੈ। ਨਸੀਰਖਾਨ ਨੂੰ ਭਲ ਮਿਲ ਗਈ। ਅਹਿਮਦ ਸ਼ਾਹ ਨੂੰ ਖੁਸ਼ੀ ਕਿ ਨਸੀਰ ਖਾਨ ਕਮਾਲ ਕਰ ਆਇਆ ਹੈ। ਕਾਜ਼ੀ ਨੇ ਅੱਜ ਦੀ ਲੜਾਈ ਦਾ ਢਾਂਚਾ ਝੂਠ ਨਾਲ ਭਰ ਕੇ ਕਾਜ਼ੀ-ਗਿਰੀ ਪੱਕੀ ਕਰਨ ਵਿਚ ਇਕ ਕਦਮ ਹੋਰ ਅੱਗੇ ਪੁਟ ਲਿਆ। ਈਮਾਨ ਪਵੇ ਖੂਹ ਵਿਚ। ਇਕ ਲਫ਼ਜ਼ ਹੀ ਤਾਂ ਹੈ।

ਇਹ ਗੱਲ ਕਦਾਚਿਤ ਮੰਨਣ ਜੋਗ ਨਹੀਂ ਕਿ ਘੋੜ-ਸਵਾਰ ਸਿੰਘ ਉਸ ਪਿੰਡ ਵਿਚ ਲੁਕ ਛਿਪ ਗਏ ਹੋਣਗੇ, ਜਿਸ ਦੀ ਨਾ ਛੱਤ, ਨਾ ਕੰਧ ਨਾ ਕੌਲਾ। ਸ਼ਾਮ ਨੂੰ ਪਿਛਾਂਹ ਹਟਦਿਆਂ ਇਸ ਨੂੰ ਠੋਹੀ ਤਾਂ ਬਣਾ ਲਿਆ ਹੋਵੇਗਾ, ਪਰ ਉਥੇ ਲੁਕਣ ਦਾ ਕੀ ਮਤਲਬ! ਸੰਭਵ ਹੈ ਜੇ ਨਸੀਰ ਖਾਨ ਵਾਕਿਆ ਈ ਸੂਰਮਗਤੀ ਵਿਖਾਉਂਦਾ ਤੇ ਪਿੰਡ ਨੂੰ ਘੇਰਨ ਦਾ ਬਹਾਨਾ ਛੱਡ ਕੇ ਸਿੰਘਾਂ ਮਗਰ ਹੋਰ ਥੋੜਾ ਜਿਹਾ ਅਗੇ ਜੰਗਲ ਵਿਚ ਚਲਿਆ ਜਾਂਦਾ ਤਾਂ ਸ਼ਾਇਦ ਕਾਜ਼ੀ ਜੀ ਦਾ ਜੰਗਨਾਮਾ ਏਸ ਰਾਤ ਹੀ ਸਮਾਪਤ ਹੋ ਜਾਂਦਾ। ਇਤਿਹਾਸ ਕੁਝ ਹੋਰ ਹੀ ਹੁੰਦਾ। ਸਿਆਣੇ ਪਾਠਕ ਸਿੱਟਾ ਖ਼ੁਦ ਕੱਢ ਸਕਦੇ ਹਨ।

ਇਕ ਗੱਲ ਸਾਫ਼ ਹੈ ਕਿ ਸਾਰਾ ਦਿਨ ਲੜਾਈ ਹੁੰਦੀ ਰਹੀ। ਜਦ ਸ਼ਾਮ ਹੋਈ ਤਾਂ ਖਾਲਸਾ ਜੀ ਰਾਤ ਅਰਾਮ ਨਾਲ ਕੱਟਣ ਲਈ ਤੇ ਸਵੇਰੇ ਦੁਸ਼ਮਣ ਦੇ ਸਿਰ ਉਤੇ ਤਾਜ਼ਾ-ਦੱਮ ਹੋ ਕੇ ਟੁਟ ਪੈਣ ਲਈ ਪਿਛਾਂਹ ਹਟ ਗਏ। ਥੋੜੀ ਗਿਣਤੀ ਹੋਣ ਕਾਰਨ ਖਾਲਸਾ ਜੀ ਨੇ ਗੁਰੀਲਾ ਜੰਗ ਦੀ ਤਕਨੀਕ ਨੂੰ ਅਪਣਾਇਆ ਸੀ। ਕਾਜ਼ੀ ਜੀ ਦੇ ਬਿਆਨ ਤੋਂ ਇਸ ਲੜਾਈ ਬਾਰੇ ਕੁਝ ਠੀਕ ਸੁਰ-ਪਤਾ ਨਹੀਂ ਲਗਦਾ, ਪਰ ਦੁਰਾਨੀਆਂ ਦੀ ਪ੍ਰੇਸ਼ਾਨੀ ਦੀ ਤਸਵੀਰ ਸਾਫ ਪਈ ਦਿਸਦੀ ਹੈ। ਅਹਿਮਦਸ਼ਾਹ ਲਸ਼ਕਰ ਲੈ ਕੇ ਬੱਚ ਬੱਚ ਕੇ ਤੁਰਦਾ ਹੈ। ਸਿੰਘਾਂ ਦੇ ਹਮਲੇ ਸਮੇਂ ਹਦਾਇਤ ਦੇਂਦਾ ਹੈ ਕਿ ਇਕ-ਦਮ ਪੈਰਾਂ ਤੇ ਖੜੇ ਹੋ ਜਾਉ। ਦੁਸ਼ਮਣ ਆਪ ਤੁਹਾਡੇ ਤੱਕ ਅਪੜੇਗਾ, ਤੁਸੀਂ ਆਪਣਾ ਮੋਰਚਾ ਨਾ ਛਡੋ। ਇੰਜ ਬਚਾਉ ਕਰੀ ਜਾਣ ਨੂੰ ਹੀ ਆਪਣੀ ਜਿੱਤ ਸਮਝਦਾ ਸੀ। ਘਲੂਘਾਰੇ ਵਾਂਗ ਅਗੇ ਵਧ ਕੇ ਸਿੰਘਾਂ ਦੇ ਗਲ ਪੈਣੋਂ ਕੰਨੀ ਕਤਰਾਉਂਦਾ ਸੀ। ਇਹ ਹੈ ਸਿੰਘਾਂ ਦੀ ਤੇਗ ਦੇ ਜੌਹਰ ਦਾ ਅਸਰ। ਮਥਰਾ ਤੇ ਪਾਨੀਪਤ ਵਿਚ ਬਿਫਰੇ ਸ਼ੇਰ ਵਾਂਗ ਦਹਾੜਨ ਵਾਲੇ, ਅੱਜ ਖਾਲਸਾ ਜੀ ਦੀ ਤੇਗ ਦੀ ਮਾਰ ਦੇ ਡਰੋਂ ਲੇਲਿਆਂ ਵਾਂਗ ਸਹਿਮੇ ਸਹਿਮੇ ਤੁਰਦੇ ਹਨ। —ਸਵਰਨ ਸਿੰਘ]



www.AKJ.Org

## ਪਾਤਸ਼ਾਹ ਦਾ ਦੁਆਬੇ ਦੇ ਦਰਿਆ (ਸਤਲੁਜ) ਦੇ ਕੰਢੇ ਤੇ ਪੁਜਣਾ, ਉਸ ਨੂੰ ਪਾਰ ਕਰਕੇ ਅੱਗੇ ਨੂੰ ਚਲਣਾ--

ਤੜਕ-ਸਾਰ ਹੀ ਕੂਚ ਦਾ ਨਗਾਰਾ ਖੜਕਾ ਕੇ ਲਸ਼ਕਰ ਅਗੇ ਨੂੰ ਰਵਾਨਾ ਹੋਇਆ। ਲਸ਼ਕਰ ਇੰਜ ਤੁਰਿਆ ਜਾਂਦਾ ਸੀ ਜਿਵੇਂ ਦਰਿਆ ਦੇ ਹੜ ਦਾ ਵੇਗ। ਜਿਧਰ ਨਜ਼ਰ ਜਾਂਦੀ ਸੀ, ਕੋਈ ਆਦਮੀ, ਘੋੜਾ ਜਾਂ ਊਠ ਨਜ਼ਰ ਨਹੀਂ ਸੀ ਆਉਂਦਾ। ਸਭ ਉਜਾੜ ਪਿਆ ਸੀ। ਸਾਰਾ ਲਸ਼ਕਰ ਵਖ ਵਖ ਫੌਜੀ ਟੋਲੀਆਂ ਬਣ ਕੇ ਬੀਆਬਾਨ ਥਲਾਂ ਵਿਚ ਦੀ ਤੁਰਿਆ ਜਾਂਦਾ ਸੀ। ਲੜਾਈ ਦੇ ਮੈਦਾਨ ਤੋਂ ਤੁਰ ਕੇ ਦੋ ਰਾਤਾਂ ਰਾਹ ਵਿਚ ਗੁਜ਼ਰੀਆਂ ਤੇ ਤੀਜੀ ਰਾਤ ਨੂੰ ਦਰਿਆ ਦੇ ਕੰਢੇ ਆਣ ਪੜਾਉ ਕੀਤਾ। ਚੌਥਾ ਦਿਨ ਚੜ੍ਹਿਆ ਤਾਂ ਪਾਤਸ਼ਾਹ ਨੇ ਪਾਰ ਲੰਘਣ ਦਾ ਹੁਕਮ ਕੀਤਾ। ਦਰਿਆ ਨੂੰ ਗਾਹਣ ਪਾ ਕੇ ਲਸ਼ਕਰ ਪਾਰਲੇ ਕੰਢੇ ਜਾ ਅਪੜਿਆ ਤੇ ਏਥੇ ਡੇਰਾ ਕੀਤਾ।

"ਪਾਤਸ਼ਾਹ ਨੇ ਬਲੋਚਾਂ ਦੇ ਖਾਨ ਨਸੀਰ ਖਾਨ ਨੂੰ ਹੁਕਮ ਦਿਤਾ ਕਿ ਚੰਗੀ ਤਰ੍ਹਾਂ ਹੁਸ਼ਿਆਰ ਹੋ ਕੇ ਖੜੇ ਰਹੋ, ਐਸਾ ਨਾ ਹੋਵੇ ਕਿ ਕੋਈ ਵੈਰੀ ਘੋੜੇ ਊਠਾਂ ਉਤੇ ਆਣ ਪਵੇ। ਇਸ ਹੁਕਮ ਦੇ ਤਹਿਤ ਨਸੀਰ ਖਾਨ ਦਰਿਆ ਦੇ ਕੰਢੇ ਪੂਰਾ ਚੌਕਸ ਹੋ ਕੇ ਡਟ ਗਿਆ। ਐਨ ਓਸੇ ਵੇਲੇ ਏਕਾ-ਏਕ ਭ੍ਰਿਸ਼ਟੇ ਸੂਰ-ਖਾਣੇ ਸਿਖ ਕਿਧਰੋਂ ਆ ਨਿਕਲੇ। ਉਨ੍ਹਾਂ ਦੀ ਦਿਲੀ ਖਾਹਿਸ਼ ਇਹ ਸੀ ਕਿ ਜੇ ਦਾਉ ਫਬੇ ਤਾਂ ਦਰਿਆ ਦੇ ਕੰਢੇ ਤੇ ਹੀ ਇਕ ਜੰਗੀ ਟਕਰ ਲੈ ਲਈਏ, ਨਹੀਂ ਤਾਂ ਐਵੇਂ ਵੇਖਦੇ ਰਹੀਏ ਕਿ ਸਮਾਂ ਕੀ ਨਜ਼ਾਰਾ ਵਿਖਾਉਂਦਾ ਹੈ। ਏਸੇ ਉਡੀਕ ਵਿਚ ਹੀ ਉਨ੍ਹਾਂ ਸਾਰਾ ਦਿਨ ਗੁਜ਼ਾਰ ਦਿਤਾ। ਪਰ ਓਧਰ ਚੂੰਕਿ ਨਸੀਰ ਖਾਨ ਫੌਜ ਲਈ ਸਿਕੰਦਰ ਦੀ ਕੰਧ* ਬਣਿਆ ਖੜਾ ਸੀ, ਇਸ ਲਈ ਉਨ੍ਹਾਂ ਦਾ ਕੋਈ ਚਾਰਾ ਨਾ ਚਲਿਆ ਤੇ ਲਾਚਾਰ ਹੋ ਕੇ ਉਹ ਉਥੋਂ ਹੀ ਵਾਪਸ ਮੁੜ ਗਏ†।"

**ਨੋਟ**—***ਸੱਦੇ ਸਕੰਦਰ** (ਸਕੰਦਰ ਦੀ ਕੰਧ) : ਸਕੰਦਰ ਪਾਤਸ਼ਾਹ ਦੇ ਸਮੇਂ ਯਾਜ ਵ ਮਾਜੋਜ ਨਾਮ ਦੀ ਇਕ ਜ਼ਬਰਦਸਤ ਤੇ ਤੁੰਦ ਲੜਾਕੂ ਕੌਮ ਸੀ। ਇਹ ਦੇਵਾਂ ਵਰਗੇ ਲੋਕ ਸਨ। ਇਹ ਯਾਫ਼ਸ ਬਿਨ ਨੂਹ ਅਲੈਹ ਅੱਸਲਾਮ ਦੀ ਔਲਾਦ ਦਸੀਦੇ ਹਨ। ਇਹ ਉਤਰੀ ਪਹਾੜੀ ਇਲਾਕਿਆਂ ਦੇ ਵਾਸੀ ਸਨ। ਇਨ੍ਹਾਂ ਪਹਾੜਾਂ ਚੋਂ ਨਿਕਲ ਕੇ ਹਮਲਾਵਰ ਹੁੰਦੇ ਤੇ ਲੋਕਾਂ ਉਤੇ ਕਹਿਰ ਤੋੜ ਦਿੰਦੇ। ਇਨ੍ਹਾਂ ਹਥੋਂ ਲੋਕ ਬੜੇ ਹੀ ਭੈਭੀਤ ਤੇ ਦੁਖੀ ਰਹਿੰਦੇ ਸਨ। ਸਕੰਦਰ ਨੇ ਇਨ੍ਹਾਂ ਦੇ ਰਾਹ ਨੂੰ ਬੰਦ ਕਰਨ ਲਈ, ਜੋ ਇਕ ਦੱਰੇ ਵਾਂਗ ਸੀ, ਲੋਹੇ ਦੀਆਂ ਸਿਲਾਂ ਪੰਘਰੇ ਹੋਏ ਸ਼ੀਸ਼ੇ ਨਾਲ ਜੋੜ ਕੇ ਇਕ ਮਜ਼ਬੂਤ ਕੰਧ ਦੋਹਾਂ ਪਹਾੜੀਆਂ ਦੇ ਦਰਮਿਆਨ ਖੜੀ ਕਰ ਦਿਤੀ। ਇਹ ਦੀਵਾਰ ਏਨੀ ਮਜ਼ਬੂਤ ਤੇ ਉਚੀ ਸੀ ਕਿ ਫਿਰ ਇਹ ਕੌਮ ਇਸ ਕੰਧ ਨੂੰ ਪਾਰ ਨਾ ਕਰ ਸਕੀ ਤੇ ਲੋਕ ਹਮੇਸ਼ਾ ਚੈਨ ਦੀ ਜ਼ਿੰਦਗੀ ਬਸਰ ਕਰਦੇ ਰਹੇ।

†ਅਹਿਮਦ ਸ਼ਾਹ ਨੇ ਨਸੀਰ ਖਾਨ ਨੂੰ ਹੁਸ਼ਿਆਰੀ ਨਾਲ ਖੜੇ ਰਹਿਣ ਲਈ ਹੁਕਮ ਦਿਤਾ ਹੈ ਕਿ ਮਤਾਂ ਸਿਖ ਨਾ ਆ ਪੈਣ। ਕਿਸੇ ਵੀ ਹੋਰ ਸਬੂਤ ਦੀ ਗੁੰਜਾਇਸ਼ ਨਹੀਂ, ਏਥੋਂ ਕਤਈ ਤੌਰ ਤੇ ਸਿਧ ਹੋ ਜਾਂਦਾ ਹੈ ਕਿ ਅਹਿਮਦ-ਸ਼ਾਹ ਜੋ ਆਇਆ ਤਾਂ ਤੜ੍ਹ ਮਾਰ ਕੇ ਸੀ ਕਿ ਸਿਖਾਂ ਨੂੰ ਇਸ ਵਾਰ ਮਲੀਆ-ਮੇਟ ਕਰ ਕੇ ਹੀ ਮੁੜੂ, ਉਹ ਖ਼ੁਦ ਉਲਟਾ ਸਿਖਾਂ ਤੋਂ ਡਰ ਰਿਹਾ ਹੈ। ਉਹ ਸਿਖਾਂ ਨੂੰ ਸਜ਼ਾ ਦੇਣੀ ਤਾਂ ਇਕ ਪਾਸੇ, ਸਗੋਂ ਉਨ੍ਹਾਂ ਹਥੋਂ ਆਪਣਾ ਬਚੱਾ ਕਰ ਰਿਹਾ ਹੈ। ਨਸੀਰ ਖਾਂ ਅੱਜ ਤੋਂ ਚਾਰ ਦਿਨ ਪਹਿਲਾਂ ਥੇਹ ਹੋਏ ਪਿੰਡ ਨੂੰ ਘੇਰ ਕੇ ਆਪਣੇ ਵਜੋਂ ਸਿਖਾਂ ਨੂੰ ਕੜਿਕੀ ਵਿਚ ਲਈ ਖਲੋਤਾ ਸੀ, ਪਾਤਸ਼ਾਹ ਦੇ ਸਦਿਆਂ ਵਾਪਸ ਨਹੀਂ ਸੀ ਆਉਂਦਾ, ਕੀ ਹੁਣ ਅਗਾਂਹ ਵਧ ਕੇ ਘਟ ਗਿਣਤੀ ਵਾਲਿਆਂ ਸਿਖਾਂ ਤੇ ਹਮਲਾ ਨਹੀਂ ਸੀ ਕਰ ਸਕਦਾ? ਪਿਆਰੇ ਪਾਠਕ ਜੀ! ਉਸ ਦਾ ਝੂਠ-ਮੂਠ ਪਿੰਡ ਨੂੰ ਘੇਰਨ ਦੇ ਡਰਾਮੇ ਦਾ ਪਾਜ ਖੁਲ੍ਹ ਗਿਆ ਕਿ ਨਹੀਂ? ਰਾਤ ਦੇ ਅੰਨ੍ਹੇਰੇ ਵਿਚ, ਜਦ ਨਜ਼ਰ ਨਹੀਂ ਆਉਂਦਾ, ਸਿਖਾਂ ਨੂੰ ਘੇਰਨ ਦਾ ਫੋੜ ਫੜਕਾ ਬਣਾਉਂਦਾ ਹੈ, ਪਰ ਦਿਨੇ ਜਦ ਸਿਖ ਆ ਜਾਂਦੇ ਹਨ ਤਾਂ ਦੋਵੇਂ ਸੂਰਮੇ ਆਪਣੇ ਬਚਾਉ ਵਿਚ ਹੀ ਭਲਾ ਸਮਝਦੇ ਹਨ। ਆਪ ਖ਼ੁਦ ਫੈਸਲਾ ਕਰ ਲਵੋ ਕਿ ਕਿਸ ਤੋਂ ਕੌਣ ਡਰ ਰਿਹਾ ਹੈ। ਸਿੰਘਾਂ ਜੇ ਹੱਲਾ ਨਹੀਂ ਕੀਤਾ ਤਾਂ ਸਿਰਫ ਇਹੋ ਕਾਰਨ ਹੋ ਸਕਦੈ ਕਿ ਗਿਣਤੀ ਕਈ ਗੁਣਾਂ ਘਟ ਹੈ ਤੇ ਉਨ੍ਹਾਂ ਦਾ ਦਾਅ ਨਹੀਂ ਫਬਿਆ ਹੋਣਾ। ਸਿਖ ਤਾਂ ਭਾਵੇਂ ਝਿਜਕਣ, ਪਰ ਅਹਿਮਦਸ਼ਾਹ ਕਿਉਂ ਹਿਚਕਚਾਵੇ? —ਸਵਰਨ ਸਿੰਘ]



www.AKJ.Org

ਬ-ਖ਼ਾਨਿ ਬਲੋਚ ਆਂ ਸ਼ਹੇ ਨਾਮਦਾਰ । ਬ-ਫ਼ਰਮੂਦ ਤਾ ਏਸਤਦ ਹੋਸ਼ਿਆਰ ।
ਮਬਾਦਾ ਕਸੇ ਜ਼ਾਂ ਸਗਾਨੇ ਲਈਨ । ਨਮਾਇੰਦ ਬਰ ਅਸਪ ਅਸ਼ਤਰ ਕਮੀਂ ।
ਬ-ਫ਼ਰਮੂਦਾ-ਇ ਸ਼ਾਹਿ ਵਾਲਾ ਨਜਾਦ । ਬਰ ਆਂ ਸਾਹਿਲਿ ਰੋਦ ਆਬ ਇਸਤਾਦ ।
ਕਿ ਨਾਗ੍ਹਾ ਸਿਖਾਨਿ ਲਈਂ ਖ਼ੂਕ-ਖ਼ਾਰ । ਰਸੀਦੰਦ ਜ਼ਾਂ ਸੂਏ ਦਰਿਆ ਕਨਾਰ ।
ਸਗਾਂ ਖ਼ਾਮ ਤਬਏ ਬ-ਦਿਲ ਦਾਸਤੰਦ । ਬ-ਦਿਲ ਤੁਖ਼ਮੇ ਹੇਜਾ ਹਮੇਂ ਕਾਸ਼ਤੰਦ ।
ਕਿ ਗਰ ਦਸਤ ਯਾਬਮ ਦਸਤੇ ਜ਼ਨੇਮ । ਯਕੇ ਬਰ ਲਬੇ ਆਬ ਜੰਗੇ ਕੁਨੇਮ ।
ਵਗਰਨਾ ਬਗੀਰੇਮ ਦਰਿਆ ਕਨਾਰ । ਬ-ਬੀਨੇਮ ਤਾ ਪੇਸ਼ ਆਇਦ ਚਿਹ ਕਾਰ ।
ਬ-ਈਂ ਆਰਜ਼ੂ ਬਰ ਲਬੇ ਰੋਦਬਾਰ । ਹਮਾ ਰੋਜ਼ ਮੇ ਦਾਸ਼ਤੰਦ ਇੰਤਜ਼ਾਰ ।
ਕਿ ਚੂ ਸੱਦੇ ਅਸਕੰਦਰ ਆਂ ਖ਼ਾਨਿ ਦੀਂ । ਸਤਾਦਾ ਬ-ਅਫ਼ਵਾਜਿ ਲਸ਼ਕਰ ਕਰੀਂ ।
ਨਿਆਰੁਸਤ ਤਾ ਕਸ ਕਨੁਦ ਦਸਤ ਬੁਰਦ । ਸ਼ੁਦ ਅੰਦਾਮਿ ਸ਼ਾਂ ਜ਼ਮ ਨਾਖ਼ੁਰਦਾ ਖ਼ੁਰਦ ।
ਬ-ਆਖ਼ਰ ਬ-ਸਦ ਨਾਮੁਰਾਦੀ ਜ਼ਿ ਆਬ । ਬ-ਪਸ ਗਸ਼ਤ ਸ਼ਾਂ ਅਜ਼ ਰਾਹ ਅਸ਼ਤਹਾਬ ।

[ਸਫ਼ਾ—੧੧੦, ਬੰਦ ੧੫ ਤੋਂ ੨੫ ਤਕ

(ਚਲਦਾ)

## ਅਖੰਡ ਕੀਰਤਨੀ ਜਥੇ ਦੀ ਜਨਰਲ ਇਕੱਤਰਤਾ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ੧੭-੧੦-੮੦ ਨੂੰ ਦੁਹਿਰੇ ਸਮਾਗਮ ਸਮੇਂ, ਸੰਗਤਾਂ ਦੇ ਬਿਸਰਾਮ-ਅਸਥਾਨ ਤੇ ਤਿੰਨ ਵਜੇ ਬਾਅਦ ਦੁਪਹਿਰ, ਜਥੇ ਦੀ ਜਨਰਲ ਮੀਟਿੰਗ ਕੀਤੀ ਜਾਏਗੀ । ਵਿਚਾਰ ਗੋਚਰੇ ਮਸਲੇ ਇਹ ਹਨ :

(੧) ਸ੍ਰੀ ਅੰਮ੍ਰਿਤਸਰ ਵਿਸਾਖੀ ਸਮਾਗਮ ੧੯੮੦ ਤੇ ਪਾਸ ਕੀਤੇ ਗਏ ਰੈਜ਼ੂਲੇਸ਼ਨ ਦੇ ਚਾਨਣੇ ਵਿਚ ਜਥੇ ਦੇ ਵਿਧਾਨ ਦੀ ਤਰਮੀਮ ਕੀਤੀ ਜਾਏ ।

(੨) ਕਈ ਸਿੰਘਾਂ ਵਲੋਂ ਪੁਜੀਆਂ ਬੇਨਤੀਆਂ ਮੁਤਾਬਕ ੩ ਜਾਂ ੪ ਸਾਲਾਨਾ ਸਮਾਗਮਾਂ ਨੂੰ ਕੇਂਦਰੀ ਸਮਾਗਮ ਨੀਯਤ ਕੀਤਾ ਜਾਵੇ ਅਤੇ ਇਨ੍ਹਾਂ ਸਮਾਗਮਾਂ ਤੇ, ਜੇ ਸੰਗਤ ਦੀ ਸਰਬ ਸੰਮਤੀ ਹੋਵੇ ਤਾਂ, ਕੀਰਤਨ ਕੰਠਾਗਰ ਬਾਣੀ ਦੀ ਸਹਾਇਤਾ ਨਾਲ ਹੀ ਕੀਤਾ ਜਾਇਆ ਕਰੇ ।

(੩) ਵਿਸਾਖੀ, ਪੋਹ ਸੁਦੀ ਸਪਤਮੀ, ਕਤਕ ਪੂਰਨਮਾਸ਼ੀ ਅਤੇ ਸ਼ਹੀਦੀ ਗੁਰਪੁਰਬ ਹਰ ਸਾਲ ਬਦਲਵੀਂ ਜਗ੍ਹਾ ਤੇ ਕੀਤੇ ਜਾਇਆ ਕਰਨ, ਇਸ ਤੇ ਵਿਚਾਰ ।

ਉਪਰ ਦਰਸਾਏ ਵਿਸ਼ਿਆਂ ਤੇ ਆਪਣੇ ਆਪਣੇ ਸ਼ੁਭ ਵਿਚਾਰ ਪਰਗਟ ਕਰ ਕੇ ਗੁਰਮੁਖ ਜਨ, ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਜੀ ।

ਖਾਲਸਾ ਜੀ ਦਾ ਸੇਵਕ—**ਰਾਮ ਸਿੰਘ (ਜਥੇਦਾਰ)**


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ | ੦-੩੫ |
| ਸਬਦੁ ਗੁਰ ਪੀਰਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |


www.AKJ.Org

# ਸੁਆਮੀ ਦਯਾ ਨੰਦ ਜੀ ਦਾ ਦਿਤਾ ਵਚਨ

## ਜੋ ਅਜੇ ਪੂਰਾ ਨਹੀਂ ਹੋਇਆ

[ਪ੍ਰੋ. ਪ੍ਰਕਾਸ਼ ਸਿੰਘ ਜੀ, ਮੁਖੀ ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ]

ਇਹ ਗੱਲ ਬਹੁਤ ਘਟ ਸਜਣਾਂ ਨੂੰ ਪਤਾ ਹੈ ਕਿ ਸੁਆਮੀ ਦਯਾਨੰਦ ਜੀ ਨੇ ਜੋ ਅਯੋਗ ਤੇ ਨਿੰਦਨੀਯ ਸ਼ਬਦ ਸਿਖ ਧਰਮ, ਗੁਰੂ ਨਾਨਕ ਸਾਹਿਬ ਤੇ ਸਿਖਾਂ ਪ੍ਰਤੀ ਆਪਣੀ ਪੁਸਤਕ 'ਸਤਯਾਰਥ ਪ੍ਰਕਾਸ਼' ਵਿਚ ਲਿਖੇ ਹਨ ਉਨ੍ਹਾਂ ਬਾਰੇ ਸੁਆਮੀ ਜੀ ਨੇ ਅਫ਼ਸੋਸ ਪਰਗਟ ਕੀਤਾ ਸੀ, ਅਤੇ ਉਨ੍ਹਾਂ ਨੇ ਇਹ ਵਚਨ ਦਿਤਾ ਸੀ ਕਿ 'ਸਤਯਾਰਥ ਪ੍ਰਕਾਸ਼' ਦੀਆਂ ਅਗਲੀਆਂ ਛਾਪਾਂ ਵਿਚੋਂ ਸਿਖ ਧਰਮ, ਸਿਖਾਂ ਤੇ ਉਨ੍ਹਾਂ ਦੇ ਗੁਰੂ ਸਾਹਿਬਾਂ ਨਾਲ ਸੰਬੰਧਤ ਇਤਰਾਜ਼ ਵਾਲੇ ਹਵਾਲੇ ਕਢ ਦਿਤੇ ਜਾਣਗੇ।

ਹਕੀਕਤ ਇਹ ਹੈ ਕਿ ਪੰਜਾਬ ਆਣ ਤੋਂ ਪਹਿਲਾਂ ਸੁਆਮੀ ਜੀ ਦੇ ਜੋ ਖਿਆਲ ਸਨ, ਉਹ ਇਥੇ ਆਣ ਤੇ ਬਿਲਕੁਲ ਹੀ ਬਦਲ ਗਏ। ਸ਼ੁਰੂ ਵਿਚ ਸਿੱਖਾਂ ਵਲੋਂ ਉਨ੍ਹਾਂ ਨੂੰ ਸਹਿਯੋਗ ਵੀ ਮਿਲਿਆ। ਪੰਜਾਬ ਵਿਚ ਸੁਆਮੀ ਜੀ ਦੀ ਜੋ ਸਫਲਤਾ ਹੋਈ, ਉਸ ਦਾ ਇਕ ਵਡਾ ਕਾਰਨ ਇਹ ਹੈ ਕਿ ਇਥੇ ਸਿਖਾਂ ਵਲੋਂ ਉਨ੍ਹਾਂ ਦਾ ਓਦੋਂ ਤਕ ਵਿਰੋਧ ਨਾ ਹੋਇਆ ਜਦ ਤਕ ਕਿ ਉਨ੍ਹਾਂ ਦੇ ਸਾਹਮਣੇ 'ਸਤਯਾਰਥ ਪ੍ਰਕਾਸ਼' ਦੇ ਉਹ ਹਵਾਲੇ ਨਾ ਆਏ ਜਿਨ੍ਹਾਂ ਨਾਲ ਕਿ ਸਿਖਾਂ ਦੇ ਹਿਰਦੇ ਅਤੀ ਦੁਖੀ ਹੋਏ ਸਨ। ਸ਼ੁਰੂ ਸ਼ੁਰੂ ਵਿਚ ਇਹ ਦੇਖ ਕੇ ਕਿ ਸੁਆਮੀ ਜੀ ਚੂੰਕਿ ਇਕ ਈਸ਼ਵਰ-ਵਾਦ ਦਾ ਪਰਚਾਰ ਕਰਦੇ ਹਨ ਤੇ ਮੂਰਤੀ-ਪੂਜਾ ਦਾ ਵਿਰੋਧ ਕਰਦੇ ਹਨ, ਸਿਖਾਂ ਵਿਚੋਂ ਕਈ ਮੋਢੀਆਂ ਨੇ ਸੁਆਮੀ ਜੀ ਨੂੰ ਸਹਿਯੋਗ ਦਿੱਤਾ। ਭਾਈ ਜਵਾਹਰ ਸਿੰਘ ਜੀ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਜੂਨ ੧੮੭੮ ਵਿਚ ਲਾਹੌਰ ਵਿਖੇ ਆਰੀਆ ਸਮਾਜ ਦੀ ਸਥਾਪਨਾ ਕਰਨ ਵਿਚ ਬਹੁਤ ਮਦਦ ਦਿੱਤੀ। ਗੁਰੂ ਨਾਨਕ ਦੇਵ ਜੀ ਦੇ ਸਿਖਾਂ ਨੇ ਕਿਵੇਂ ਸੁਆਮੀ ਜੀ ਦੇ ਇਕ ਪਰਮਾਤਮਾ ਦੇ ਪਰਚਾਰ ਲਈ ਮੈਦਾਨ ਤਿਆਰ ਕੀਤਾ, ਇਸ ਦਾ ਕੁਝ ਝਲਕਾਰਾ ਲਾਲਾ ਲਾਜਪਤ ਰਾਏ ਦੇ ਹੇਠ ਲਿਖੇ ਹਵਾਲੇ ਵਿਚੋਂ ਮਿਲ ਸਕੇਗਾ:

> "ਕਿਆ ਯਿਹ ਅਚੰਭੇ ਕੀ ਬਾਤ ਨਹੀਂ ਕਿਹ ਸਵਾਮੀ ਜੀ ਇਸ ਸੇ ਪਹਿਲੇ ੧੨ ਯਾ ੧੩ ਬਰਸ ਪਸਚਮੋਤਰ ਪਰਦੇਸ਼ ਮੇਂ ਉਪਦੇਸ਼ ਕਰਤੇ ਰਹੇ ਪ੍ਰੰਤੂ ਸ਼੍ਰੋਤਾਓਂ ਕੇ ਮਨ ਮੇਂ ਸਮਾਜ ਕੀ ਸਥਿਤੀ ਕਾ ਵਿਚਾਰ ਨਾ ਉਪਜਾ ...ਔਰ ਪੰਜਾਬ ਮੇਂ ਆਏ ਅਭੀ ਦੋ ਸਾਲ ਭੀ ਨਾ ਵਯਾਤੀਤ ਹੂਏ ਥੇ ਕਿਹ ਪੰਜਾਬ ਨਿਵਾਸੀਓਂ ਨੇ ਆਰੀਯਾ ਸਮਾਜ ਸਥਾਪਤ ਕਰ ਲੀਯਾ। ਸੱਚ ਪੂਛੋ ਤੋਂ ਆਰੀਯਾ ਸਮਾਜ ਨਾਮ-ਮਾਤ੍ਰ ਕਾ ਬੰਬਈ ਮੇਂ ਕਾਇਮ ਹੋ ਗਿਆ ਥਾ, ਪ੍ਰੰਤੂ ਅਸਲ ਮੇਂ ਲਾਹੌਰ ਹੀ ਆਰੀਯਾ ਸਮਾਜ ਕਾਇਮ ਹੂਆ। (ਗੁਰੂ) ਨਾਨਕ ਦੇਵ ਕੀ ਜਨਮ ਭੂਮੀ ਕੇ ਲੋਗੋਂ ਮੇਂ ਵੁਹ ਪਖਪਾਤ ਨਹੀਂ ਥਾ ਜੋ ਪੁਰਾਨਿਕ ਪਖਪਾਤ ਮੇਂ ਫੰਸੇ ਹੂਏ ਪਸਚਮੋਤਰ ਦੇਸ਼ ਕੇ ਨਿਵਾਸੀਓਂ ਮੇਂ ਥਾ। ਯਹਾਂ ਸਵਾਮੀ ਦਯਾਨੰਦ ਕੇ ਆਨੇ ਸੇ ਪੂਰਵ ਏਕ ਏਸ਼ਵਰ-ਵਾਦ ਕਾ ਪਰਚਾਰ ਅਪਨਾ ਬਲ ਦਿਖਾ ਚੁਕਾ ਥਾ।"

(ਲਾਲਾ ਲਾਜਪਤ ਰਾਏ ਲਿਖਤ ਦਯਾਨੰਦ ਚਰਿਤ੍ਰ (ਹਿੰਦੀ) ਪੰਨਾ ੩੦੫

ਸਪੱਸ਼ਟ ਹੈ ਕਿ ਕਈ ਸਿਖਾਂ ਨੇ ਸੁਆਮੀ ਜੀ ਦੀ ਆਰੀਆ ਸਮਾਜ ਲਹਿਰ ਨੂੰ ਸਹਿਯੋਗ ਦਿਤਾ। ਇਥੋਂ ਤਕ ਕਿ ਲਾਹੌਰ ਵਿਚ ਜਦ ਡੀ. ਏ. ਵੀ. ਕਾਲਜ ਕਾਇਮ ਹੋਇਆ ਤਾਂ ਉਸ ਦੇ ਪਹਿਲੇ ਸਕੱਤਰ ਇਕ ਸਿਖ ਸਨ।

ਪਰ ਜਦ ਸਿਖਾਂ ਨੂੰ ਸੁਆਮੀ ਜੀ ਦੀ ਪੁਸਤਕ ਵਿਚ ਸਿਖ ਧਰਮ ਤੇ ਗੁਰੂ ਸਾਹਿਬਾਂ ਬਾਰੇ ਐਸੇ ਕਥਨ ਪੱਤਾ ਲਗੇ ਜੋ ਕਿ ਹਿਰਦੇ-ਵੇਧਕ ਸਨ ਤਾਂ ਕੁਝ ਕੁ ਸਿਖ ਦਾਨਿਆਂ ਨੇ ਸੁਆਮੀ ਜੀ ਨੂੰ ਮਿਲ ਕੇ ਇਹ ਪਰਤੀਤ ਕਰਾਇਆ ਕਿ ਉਨ੍ਹਾਂ ਕੋਲੋਂ ਇਕ ਵਡੀ ਭੁਲ ਹੋਈ ਹੈ।



www.AKJ.Org

ਇਸ ਸੰਬੰਧ ਵਿਚ ਅਸੀਂ ਇਕ ਵੱਡਮੁਲੀ ਤੇ ਨਾਯਾਬ ਪੁਸਤਕ "ਰਾਹਨੁਮਾਇ ਦੀਦਾਰ ਹਕ ਜ ਕ ਗੁਰਮੁਖ ਬਾਬਾ ਹਰੀ ਸਿੰਘ ਜੀ ਦਾ ਲਿਖਿਆ ਹੋਇਆ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਉਰਦੂ ਵਿਚ ਟੀਕਾ ਹੈ, ਜਿਸ ਦੇ ੭੦੦ ਪੰਨੇ ਹਨ ਤੇ ਜੋ ੧੯੩੫ ਵਿਚ ਛਪਿਆ ਸੀ, ਵਿਚੋਂ ਕੁਝ ਹਵਾਲਾ ਦੇਣਾ ਮੁਨਾਸਬ ਸਮਝਦੇ ਹਾਂ। ਨਿਰਭਉ ਸ਼ਬਦ ਦੀ ਵਿਆਖਿਆ ਕਰਦੇ ਹੋਏ ਗੁਰਮੁਖ ਬਾਬਾ ਜੀ ਨੇ ਜੋ ਲਿਖਿਆ ਹੈ ਉਸ ਦਾ ਖੁਲ੍ਹਾ ਪੰਜਾਬੀ ਅਨੁਵਾਦ ਇੰਜ ਹੈ :

"......ਇਸ ਸ਼ਬਦ ਭਉ ਸੰਸਕ੍ਰਿਤ ਦੇ ਸ਼ਬਦ ਭੈ, ਡਰ ਦੇ ਅਰਥਾਂ ਵਿਚ, ਤੋਂ ਵਟਿਆ ਰੂਪ ਦੇਖ ਕੇ ਸੁਆਮੀ ਦਯਾਨੰਦ ਜੀ ਨੂੰ ਬਹੁਤ ਬੁਰਾ ਪਰਤੀਤ ਹੋਇਆ ਸੀ, ਅਤੇ ਉਨ੍ਹਾਂ ਨੇ ਆਪਣੀ ਧਾਰਮਕ ਪੁਸਤਕ ਸਤਿਆਰਥ ਪ੍ਰਕਾਸ਼ ਵਿਚ ਸ੍ਰੀ ਹਜ਼ੂਰ ਗਰੀਬ-ਨਿਵਾਜ਼ (ਭਾਵ- ਗੁਰੂ ਨਾਨਕ ਦੇਵ ਜੀ) ਦੇ ਵਿਰੁਧ ਬਹੁਤ ਕੁਝ ਲਿਖ ਮਾਰਿਆ ਹੈ। ਅਤੇ ਸਭ ਤੋਂ ਪਹਿਲਾ ਸ਼ਬਦ-ਬਦਲ ਉਨ੍ਹਾਂ ਵਲੋਂ ਇਹ ਹੈ ਕਿ ਸੰਸਕ੍ਰਿਤ ਦੇ ਸ਼ਬਦ 'ਭੈ' ਨੂੰ 'ਭਉ' ਦੇ ਰੂਪ ਵਿਚ ਵਰਤਣ ਤੋਂ ਇਹ ਪਰਗਟ ਹੁੰਦਾ ਹੈ ਕਿ ਉਹ (ਗੁਰੂ ਜੀ) ਸੰਸਕ੍ਰਿਤ ਵਿਦਿਆ ਨਹੀਂ ਜਾਣਦੇ ਸਨ ਅਤੇ ਆਪਣੇ ਆਪ ਨੂੰ ਇਸ ਦਾ ਜਾਨਣ ਵਾਲਾ ਜ਼ਾਹਿਰ ਕਰਨਾ ਚਾਹੁੰਦੇ ਸਨ। ਹਾਲਾਂਕਿ ਇਹ ਬਿਲਕੁਲ ਗਲਤ ਵੀਚਾਰ ਹੈ ਜਿਵੇਂ ਕਿ ਇਸ ਸ਼ਬਦ ਦੀ ਖੋਜ ਦੇ ਸੰਬੰਧੀ ਉਪਰ ਲਿਖਿਆ ਜਾਂ ਚੁਕਿਆਂ ਹੈ ਅਤੇ ਇਸੇ ਆਧਾਰ ਤੇ ਇਸ ਤੋਂ ਅਗੇ ਲਿਖਦੇ ਲਿਖਦੇ ਜੋ ਕੁਝ ਉਨ੍ਹਾਂ ਨੇ ਸ੍ਰੀ ਹਜ਼ੂਰ ਦੇ ਵਿਰੁਧ ਲਿਖ ਮਾਰਿਆ ਹੈ (ਜੋ ਕਿ ਮੈਂ ਇਥੇ ਆਪਣੀ ਕਲਮ ਨਾਲ ਲਿਖ ਨਹੀਂ ਸਕਦਾ) ਉਹ ਦਾਨੇ ਲੋਕਾਂ ਲਈ ਨਿਆਂ ਤੇ ਵੀਚਾਰ ਕਰਨ ਦਾ ਅਵਸਰ ਹੈ ਕਿ ਕਿਤਨਾ ਅਯੋਗ ਹਮਲਾ ਤੇ ਗ਼ੈਰ-ਮੁਨਾਸਬ ਮਾਮਲਾ ਹੈ ਅਤੇ ਇਸ ਤੋਂ ਕਿਤਨੀ ਸਖ਼ਤ ਗ਼ਲਤੀ ਸੁਆਮੀ ਜੀ ਦੀ ਪਰਗਟ ਹੁੰਦੀ ਹੈ।"

ਅਗੇ ਚਲ ਕੇ ਗੁਰਮੁਖ ਬਾਬਾ ਜੀ ਨੇ ਸੁਆਮੀ ਜੀ ਵਲੋਂ ਕੀਤੀ ਗਈ ਇਸ ਗਲਤੀ ਦਾ ਅਸਲ ਕਾਰਨ ਦਸਿਆ ਹੈ, ਜੋ ਕਿ ਹੇਠਾਂ ਅੰਕਿਤ ਹੈ :–

"ਇਸ ਅਨਰਥ ਦੀ ਅਸਲ ਹਕੀਕਤ ਇਹ ਹੈ ਕਿ ਸੁਆਮੀ ਜੀ ਗੁਜਰਾਤ ਕਾਠੀਆਵਾੜ ਦੇ ਰਹਿਣ ਵਾਲੇ ਸਨ। ਭਾਵੇਂ ਉਹ ਸੰਸਕ੍ਰਿਤ ਭਾਸ਼ਾ ਦੇ ਵਡੇ ਵਿਦਵਾਨ ਸਨ, ਪਰ ਇਸ ਪੰਜਾਬ ਦੇਸ਼ ਵਿਚ ਨਵੇਂ ਨਵੇਂ ਆਉਣ ਕਾਰਨ ਇਸ ਦੇਸ਼ ਦੀ ਪੰਜਾਬੀ ਭਾਸ਼ਾ ਨੂੰ ਨਹੀਂ ਜਾਣਦੇ ਸਨ ਅਤੇ ਇਸ ਦੇਸ਼ ਦੇ ਹਾਲਾਤ ਤੇ ਗੁਰੂ ਸਾਹਿਬਾਂ ਦੇ ਉਪਕਾਰਾਂ ਤੋਂ ਭੀ, ਜੋ ਕਿ ਉਨ੍ਹਾਂ ਨੇ ਇਸ ਦੇਸ਼ ਦੀ ਹਿੰਦੂ ਜ਼ਾਤੀ ਨੂੰ ਬਚਾਣ ਲਈ ਕੀਤੇ, ਅਨਜਾਣ ਸਨ। ਮੈਨੂੰ ਆਪਣੀ ਜਵਾਨੀ ਦੇ ਦਿਨਾਂ ਵਿਚ ਕਈ ਵਾਰ ਸੁਆਮੀ ਜੀ ਦੇ ਲੈਕਚਰਾਂ ਤੇ ਵਿਆਖਿਆਨਾਂ ਦੇ ਜਲਸਿਆਂ ਵਿਚ ਸ਼ਾਮਲ ਹੋਣ ਦਾ ਅਵਸਰ ਮਿਲਦਾ ਰਹਿਆ ਹੈ। ਉਨ੍ਹਾਂ ਦੇ ਕਥਨ ਵੀ ਭਾਵੇਂ ਹਿੰਦੀ ਭਾਸ਼ਾ ਵਿਚ ਹੁੰਦੇ ਸਨ ਪਰ ਵਧੇਰੇ ਸੰਸਕ੍ਰਿਤ ਦੇ ਸ਼ਬਦ ਵਰਤਣ ਕਰਕੇ ਆਮ ਲੋਕਾਂ ਨੂੰ ਸਮਝ ਆਣ ਵਾਲੇ ਨਹੀਂ ਹੁੰਦੇ ਸਨ। ਮੈਨੂੰ ਕਈ ਵਾਰੀ ਉਨ੍ਹਾਂ ਨਾਲ ਭੇਟ ਕਰਨ ਦਾ ਵੀ ਅਵਸਰ ਮਿਲਿਆ ਸੀ। ਉਨ੍ਹਾਂ ਹੀ ਦਿਨਾਂ ਵਿਚ ਮੈਨੂੰ ਉਨ੍ਹਾਂ ਦੇ ਸਤਿਆਰਥ ਪ੍ਰਕਾਸ਼ ਵਿੱਚ ਇਨ੍ਹਾਂ ਅਨਰਥ ਵਾਕਾਂ ਦੇ ਅੰਕਤ ਹੋਣ ਦਾ ਹਾਲ ਪਤਾ ਲਗਾ ਤਾਂ ਮੈਂ ਉਨ੍ਹਾਂ ਨੂੰ ਇਹ ਸਾਰੇ ਹਾਲ, ਗੁਰੂ ਸਾਹਿਬਾਂ ਦੇ ਹਿੰਦੂ ਜਾਤੀ ਉਪਰ ਉਪਕਾਰਾਂ ਅਤੇ ਉਨ੍ਹਾਂ ਦੀ ਉਪਮਾ ਤੇ ਵਡਿਆਈ ਦਾ ਹਾਲ, ਸਹਿਜੇ ਹੀ ਸਮਝ ਆ ਜਾਣ ਵਾਲੇ ਢੰਗ ਨਾਲ ਸੁਣਾਇਆ ਤੇ ਸਮਝਾਇਆ। ਅਤੇ ਇਸ ਲਫ਼ਜ਼ ਦੀ ਬਹਿਸ ਤੇ ਪੰਜਾਬੀ ਭਾਸ਼ਾ ਦਾ ਹਾਲ ਵੀ ਅਰਜ਼ ਕੀਤਾ, ਤਾਂ ਇਸ ਤੇ ਉਨ੍ਹਾਂ ਨੇ ਇਕ ਸੇਵਕ ਦੀ ਭੈੜੀ ਨੀਅਤ ਤੇ ਕੁਮੱਤ ਦੇਣ ਦਾ ਬੜਾ ਅਫ਼ਸੋਸ ਨਾਲ ਜ਼ਿਕਰ ਕੀਤਾ, ਜੋ ਕਿ ਧੋਖੇ ਨਾਲ ਉਨ੍ਹਾਂ ਦਿਨਾਂ ਵਿਚ ਆਪ ਦਾ ਨਿਕਟ-ਵਰਤੀ ਤੇ ਸੇਵਕ ਬਣਿਆ ਰਹਿਆ ਸੀ। ਉਨ੍ਹਾਂ ਇਹ ਭੀ ਕਹਿਆ ਕਿ ਸਾਰੇ ਵਾਕ ਤੇ ਸ਼ਬਦ ਜੋ ਗੁਰੂ ਸਾਹਿਬਾਂ ਦੇ ਵਿਰੁਧ ਲਿਖੇ ਗਏ ਹਨ, ਉਨ੍ਹਾਂ ਨੂੰ ਅਗਲੀ ਛਾਪ ਵਿਚੋਂ ਕਢ ਦਿਤਾ ਜਾਇਗਾ। ਜਿਸ ਤੋਂ ਮੇਰੀ ਤਸੱਲੀ ਹੋ ਗਈ ਤੇ ਮੈਂ ਉਨ੍ਹਾਂ ਦਾ ਧੰਨਵਾਦ ਕੀਤਾ।"



www.AKJ.Org

ਉਪਰ ਕਥਿਤ ਹਵਾਲੇ ਤੋਂ ਛੁਟ ਹੋਰ ਭੀ ਕੁਝ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਇਸ ਹਕੀਕਤ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਸੁਆਮੀ ਜੀ ਨੇ ਸਤਿਆਰਥ ਪ੍ਰਕਾਸ਼ ਵਿਚੋਂ ਇਤਰਾਜ਼ ਯੋਗ ਵਾਕ ਕਢਣ ਦਾ ਵਚਨ ਦਿਤਾ ਸੀ। ਸਰਦਾਰ ਭਗਤ ਸਿੰਘ ਜੀ, ਸਬ-ਇੰਜੀਨੀਅਰ, ਅਜਮੇਰ ਡਿਵੀਜਨ ਦੇ ਇਕ ਪੱਤਰ ਦੇ ਉੱਤਰ ਵਿਚ ਸੁਆਮੀ ਜੀ ਨੇ ਲਿਖਿਆ ਕਿ "ਸਿਖਾਂ ਤੇ ਸਿਖ ਮੱਤ ਨਾਲ ਸੰਬੰਧਤ ਉਨ੍ਹਾਂ ਦੇ ਵਿਚਾਰ, ਜੋ ਕਿ ਉਨ੍ਹਾਂ ਦੀ ਪੁਸਤਕ ਵਿਚ ਹਨ, ਉਨ੍ਹਾਂ ਪਰਭਾਵਾਂ ਉਪਰ ਆਧਾਰਿਤ ਹਨ ਜੋ ਕਿ ਉਨ੍ਹਾਂ ਨੇ ਪੰਜਾਬ ਆਣ ਤੋਂ ਪਹਿਲਾਂ ਬਣਾਏ ਹੋਏ ਸਨ। ਪਰ ਪੰਜਾਬ ਆਣ ਮਗਰੋਂ ਉਨ੍ਹਾਂ ਦੇ ਵਿਚਾਰਾਂ ਵਿਚ ਮੁਕੰਮਲ ਪ੍ਰੀਵਰਤਨ ਆ ਗਿਆ ਹੈ।" ਅਤੇ ਉਨ੍ਹਾਂ ਨੇ ਸਰਦਾਰ ਭਗਤ ਸਿੰਘ ਜੀ ਨੂੰ ਇਹ ਵਿਸ਼ਵਾਸ ਦਿਵਾਇਆ ਕਿ 'ਸਿਖ ਗੁਰੂ ਸਾਹਿਬਾਂ ਤੇ ਉਨ੍ਹਾਂ ਦੇ ਧਰਮ ਬਾਰੇ ਇਤਰਾਜ਼ ਯੋਗ ਹਵਾਲੇ ਸਤਿਆਰਥ ਪ੍ਰਕਾਸ਼ ਦੀਆਂ ਅਗਲੀਆਂ ਛਾਪਾਂ ਵਿਚੋਂ ਕਢ ਦਿਤੇ ਜਾਣਗੇ।"

(ਆਫ਼ਤਾਬਿ ਪੰਜਾਬ—ਉਰਦੂ ੧੭ ਦਸੰਬਰ ੧੮੮੮ ਦਾ ਪਰਚਾ ਅਤੇ
ਕਲਿਆਨ ਦਾਨ ਦੀ ਸੱਚੀ ਖੋਜ, ਪੰਨੇ ੧੫੪-੫੫)

ਪਰ ਸੁਆਮੀ ਜੀ ੧੮੮੩ ਵਿਚ ਸੁਰਗਵਾਸ ਹੋ ਗਏ ਤੇ ਉਨ੍ਹਾਂ ਦਾ ਵਚਨ ਪੂਰਾ ਨਾ ਹੋ ਸਕਿਆ। ਇਸ ਸੰਬੰਧ ਵਿਚ ਗੁਰਮੁਖ ਬਾਬਾ ਹਰੀ ਸਿੰਘ ਜੀ ਇਉਂ ਲਿਖਦੇ ਹਨ :

"ਪਰ ਮਗਰੋਂ ਉਨ੍ਹਾਂ (ਸੁਆਮੀ ਜੀ) ਦੇ ਜੀਵਨ ਨੇ ਸਾਥ ਨਾ ਦਿਤਾ ਅਤੇ ਉਨ੍ਹਾਂ ਦੇ ਬਾਅਦ ਉਨ੍ਹਾਂ ਦੇ ਚੇਲਿਆਂ ਤੇ ਪ੍ਰਤੀਨਿਧੀ ਸਭਾ ਨੇ ਉਨ੍ਹਾਂ ਦੇ ਇਸ ਇਰਾਦੇ ਨੂੰ ਜੋ ਕਿ ਉਨ੍ਹੀ ਦਿਨੀਂ ਪ੍ਰਸਿਧ ਵੀ ਹੋ ਚੁਕਾ ਸੀ, ਪੂਰਾ ਨਾ ਕੀਤਾ ਅਤੇ ਅਫ਼ਸੋਸ ਹੈ ਕਿ ਉਹ ਗਲਤ ਤੇ ਅਯੋਗ ਲਿਖਤ ਅਜੇ ਤਕ ਸਤਿਆਰਥ ਪ੍ਰਕਾਸ਼ ਵਿਚ ਉਸੇ ਤਰ੍ਹਾਂ ਮੌਜੂਦ ਹੈ, ਅਤੇ ਦੋਹਾਂ ਪੰਥਾਂ ਭਾਵ ਸਿਖਾਂ ਤੇ ਆਰੀਆ ਸਮਾਜ ਵਿਚ ਫਜ਼ੂਲ ਵਿਰੋਧ ਦਾ ਕਾਰਨ ਹੋ ਰਹੀ ਹੈ, ਜੋ ਕਿ ਹਰ ਪਰਕਾਰ ਦੁਖਦਾਈ ਹੈ।"

ਕਾਸ਼! ਸੁਆਮੀ ਜੀ ਨੂੰ ਮੰਨਣ ਵਾਲੇ ਆਰੀਆ ਸਮਾਜੀ ਵੀਰ ਇਸ ਗੱਲ ਦੀ ਨਜ਼ਾਕਤ ਨੂੰ ਸਮਝ ਕੇ ਇਹ ਇਤਰਾਜ਼ਯੋਗ ਹਵਾਲੇ, ਜਿਨ੍ਹਾਂ ਦਾ ਕਿ ਉਪਰ ਵਰਨਣ ਕੀਤਾ ਗਿਆ ਹੈ, ਸਤਿਆਰਥ ਪ੍ਰਕਾਸ਼ ਵਿਚੋਂ ਕਢ ਕੇ ਸੁਆਮੀ ਜੀ ਦਾ ਦਿਤਾ ਹੋਇਆ ਵਚਨ ਪੂਰਾ ਕਰ ਦੇਂਦੇ ਅਤੇ ਸਿਖ ਜਗਤ ਦੀ ਉਪਮਾ ਵੀ ਲੈ ਲੈਂਦੇ। ਪਰ ਹੋਇਆ ਇਸ ਦੇ ਉਲਟ। ਸੁਆਮੀ ਜੀ ਦੇ ਚੇਲਿਆਂ ਨੇ ਸਗੋਂ ਸੁਆਮੀ ਜੀ ਦੇ ਸੁਰਗਵਾਸ ਹੋਣ ਤੋਂ ਇਕ ਦੋ ਸਾਲਾਂ ਦੇ ਬਾਅਦ ਸਿਖਾਂ ਵਿਰੁਧ ਪਰਚਾਰ ਹੋਰ ਵੀ ਤੇਜ਼ ਕਰ ਦਿਤਾ। ਨਤੀਜਾ ਇਹ ਨਿਕਲਿਆ ਕਿ ਸਿਖ, ਆਰੀਆ ਸਮਾਜੀਆਂ ਤੋਂ ਦੂਰ ਹੁੰਦੇ ਗਏ।

ਜੇ ਹੁਣ ਵੀ ਆਰੀਆ ਸਮਾਜੀ ਵੀਰ ਉਸ ਗਲਤੀ ਨੂੰ ਸਤਿਆਰਥ ਪ੍ਰਕਾਸ਼ ਵਿਚੋਂ ਕਢ ਦੇਣ, ਜਿਸ ਨੂੰ ਕਢਣ ਦਾ ਇਰਾਦਾ ਸੁਆਮੀ ਜੀ ਦਾ ਸੀ ਤਾਂ ਉਹ ਸਿਖ ਪੰਥ ਤੇ ਆਰੀਆ ਸਮਾਜ ਨੂੰ ਨੇੜੇ ਲਿਆਣ ਅਤੇ ਪੰਜਾਬ ਦਾ ਵਾਤਾਵਰਣ ਸੁਖਾਵਾਂ ਕਰਨ ਵਿਚ ਸਹਾਈ ਹੋਣਗੇ, ਜੋ ਕਿ ਸਾਰੇ ਦੇਸ਼ ਲਈ ਲਾਹੇਵੰਦਾ ਸਿਧ ਹੋਏਗਾ।

---

## ਜਲੰਧਰ ਦੇ ਪਿੰਡਾਂ ਵਿਚ ਕੀਰਤਨ ਤੇ ਗੁਰਮਤਿ ਪਰਚਾਰ

ਭਾਈ ਸੁਬੇਗ ਸਿੰਘ ਜੀ ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਮੰਨਣ ਸੂਚਨਾ ਦਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਗੁਰਪੁਰਬ ਦੇ ਸੰਬੰਧ ਵਿਚ ਹੇਠ ਲਿਖੇ ਪਿੰਡਾਂ ਵਿਚ ਸ਼ਾਮ ਨੂੰ ੮ ਤੋਂ ੧੧ ਤਕ ਕੀਰਤਨ ਪ੍ਰੋਗਰਾਮ ਹੋ ਰਹੇ ਹਨ—ਅਕਤੂਬਰ ੬–ਪਿੰਡ ਬਲ, ੭–ਰੰਧਾਵਾ ਮਸੰਦਾਂ, ੮–ਮੰਨਣ, ੯–ਖਾਸ ਦੁਰਾਰੀ, ੧੦–ਮੁਸਤਾਪੁਰ, ੧੨–ਸੰਘਵਾਲ, ੧੩–ਬਲ, ੧੪–ਨੂਰਪੁਰ, ੧੬–ਐਮਾ, ੧੭–ਸਤੋਵਾਲੀ, ੨੦–ਕਾਕੀ ਪਿੰਡ, ੨੧–ਬਲ, ੨੨–ਬੂਲੇ, ੨੩ ਮੰਨਣ, ੨੪–ਸਰਾਏ ਪਾਸ, ੨੫–ਫਤਹ ਜਲਾਲ, ੨੮–ਦੋਦੇ, ੩੦ ਤਲਵੰਡੀ, ੩੧–ਈਸਪੁਰ।



www.AKJ.Org

# ਪੂਜਾ ਦਾ ਧਾਨ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ਬੰਬਈ]

ਨੋਟ—ਲੇਖ ਦੀ ਅਰੰਭਕ ਨਾਟਕੀ ਗੱਲ-ਬਾਤ ਨੂੰ ਸਾਖੀ ਰੂਪ ਵਿਚ ਕਰ ਦਿਤਾ ਗਿਆ ਹੈ।—ਸੰਪਾਦਕ

ਗੁਰਸਿਖ ਆਪਣੀ ਦਸਾਂ ਨਹੁੰਆਂ ਦੀ ਕਮਾਈ ਨੂੰ ਸਫਲ ਕਰਨ ਹਿਤ, ਗੁਰ-ਹੁਕਮਾਂ ਦੀ ਪਾਲਣਾ ਕਰਦੇ ਹੋਏ, ਗੁਰੂ ਦੀ ਹਜ਼ੂਰੀ ਵਿਚ ਆਪਣਾ ਦਸਵੰਧ ਭੇਟ ਕਰ ਕੇ ਆਪਣੇ ਧੰਨ ਭਾਗ ਸਮਝਦੇ ਹਨ। ਸਿਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸ੍ਰੀ ਅਨੰਦਪੁਰ ਸਾਹਿਬ ਦੂਰ ਦੁਰਾਡੇ ਦੇਸ਼ਾਂ ਤੋਂ ਪੁਜਦੀਆਂ, ਆਪਣੀਆਂ ਭੇਟਾਵਾਂ ਅਰਪਣ ਕਰਦੀਆਂ, ਗੁਰੂ ਦੇ ਸਨਮੁਖ ਦਰਸ਼ਨ ਕਰ ਕੇ ਗਦ ਗਦ ਹੁੰਦੀਆਂ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ। ਰਾਜੇ ਮਹਾਰਾਜੇ ਵੀ ਗੁਰੂ ਕੇ ਦਰਬਾਰ ਵਿਚ ਦਰਸ਼ਨਾਂ ਲਈ ਪੁਜਦੇ ਅਤੇ ਹੀਰੇ ਮੋਤੀ ਆਦਿ ਵਡਮੁਲੀਆਂ ਭੇਟਾਵਾਂ ਤੇ ਸੁਗਾਤਾਂ ਅਰਪਣ ਕਰਦੇ। ਇਸ ਤਰ੍ਹਾਂ ਸੰਗਤਾਂ ਦੀ ਭੇਟ ਕੀਤੀ ਮਾਇਆ ਅਤੇ ਸੰਪਤੀ, ਗੁਰੂ ਕਾ ਇਕ ਵਡਾ ਖਜ਼ਾਨਾ ਇਕੱਤ੍ਰ ਹੋ ਗਿਆ।

ਅਨੰਦਪੁਰ ਦੇ ਆਖਰੀ ਜੁਧ ੧੭੦੪ ਈਸਵੀ ਤੋਂ ਪਹਿਲਾਂ ਚੋਜੀ ਪਾਤਸ਼ਾਹ ਨੇ ਇਕ ਕੌਤਕ ਰਚਿਆ। ਅਤੇ ਖ਼ਜ਼ਾਨਚੀ ਤੋਂ ਸਾਰੀ ਸੰਪਤੀ ਦਾ ਵੇਰਵਾ ਪੁਛਿਆ। ਇਤਿਹਾਸਕਾਰ ਦਸਦੇ ਹਨ ਕਿ ਉਸ ਵੇਲੇ ਗੁਰੂ ਕੇ ਖ਼ਜ਼ਾਨੇ ਵਿਚ ਵੀਹ ਕੁ ਕਰੋੜ ਰੁਪਏ ਦੀ ਸੰਪਤੀ ਸੀ। ਸਤਿਗੁਰਾਂ ਨੇ ਭਾਈ ਦਯਾ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਹ ਸਾਰਾ ਖਜ਼ਾਨਾ ਤੇ ਸੰਪਤੀ ਸਤਲੁਜ ਦਰਿਆ ਵਿਚ ਰੋੜ੍ਹ ਦਿਤਾ ਜਾਏ। ਗੁਰੂ ਪਾਤਸ਼ਾਹ ਦਾ ਇਹ ਅਨੋਖਾ ਹੁਕਮ ਸੁਣ ਕੇ, ਗੁਰੂ ਕੇ ਸਚਿਆਰ ਤੇ ਸਿਦਕੀ ਸਿੰਘਾਂ ਨੂੰ ਤਾਂ ਕੋਈ ਹੈਰਾਨੀ ਨਾ ਹੋਈ ਅਤੇ ਉਨ੍ਹਾਂ ਹੁਕਮ ਮੰਨਣ ਵਿਚ ਕੋਈ ਉਜ਼ਰ ਨਾ ਕੀਤਾ। ਪਰ ਆਮ ਸੰਸਾਰੀ ਬਿਰਤੀ ਵਾਲੇ ਸਿੰਘਾਂ ਨੂੰ ਬੜੀ ਪ੍ਰੇਸ਼ਾਨੀ ਹੋਈ ਅਤੇ ਕਹਿਣ ਲਗੇ ਕਿ ਇੰਨੀ ਬੇਅੰਤ ਮਾਇਆ ਰੋੜ੍ਹ ਦੇਣੀ ਠੀਕ ਨਹੀਂ। ਅਜਿਹਾ ਕਰਨ ਤੋਂ ਰੋਕਣ ਵਾਲੇ ਸਿੰਘ ਇਕੱਠੇ ਹੋ ਕੇ ਵੱਡੇ ਮਾਤਾ ਗੁਜਰੀ ਜੀ ਪਾਸ ਪੁਜ ਤੇ ਬਿਨੈ ਕੀਤੀ ਕਿ ਸਤਿਗੁਰਾਂ ਨੇ ਕਰੋੜਾਂ ਰੁਪਿਆਂ ਦਾ ਸਾਰਾ ਖਜ਼ਾਨਾ ਸਤਲੁਜ ਵਿਚ ਰੋੜ੍ਹ ਦੇਣ ਦਾ ਹੁਕਮ ਕਰ ਦਿਤਾ ਹੈ। ਦੂਜੇ ਪਾਸੇ ਗਰੀਬ ਸਿਖ ਭੁੱਖੇ ਮਰ ਰਹੇ ਹਨ। ਜੇ ਇਹ ਖਜ਼ਾਨਾ ਐਵੇਂ ਰੋੜ੍ਹ ਹੀ ਦੇਣਾ ਹੈ ਤਾਂ ਇਸ ਤੋਂ ਚੰਗਾ ਹੈ ਕਿ ਇਸ ਨੂੰ ਗਰੀਬ ਸਿਖਾਂ ਵਿਚ ਵੰਡ ਦਿਤਾ ਜਾਵੇ। ਮਾਤਾ ਜੀ ਇਸ ਤਜਵੀਜ਼ ਨਾਲ ਸਹਿਮਤ ਹੋ ਗਏ ਅਤੇ ਸਤਿਗੁਰਾਂ ਨੂੰ ਜਾ ਕੇ ਕਿਹਾ, ਪੁੱਤਰ ਜੀ, ਸੁਣਿਆ ਹੈ ਕਿ ਤੁਸੀਂ ਸਾਰਾ ਖਜ਼ਾਨਾ ਦਰਿਆ ਵਿਚ ਰੋੜ੍ਹ ਦੇਣ ਦਾ ਹੁਕਮ ਕਰ ਦਿਤਾ ਹੈ। ਕੀ ਇਸ ਤੋਂ ਇਹ ਚੰਗਾ ਨਹੀਂ ਕਿ ਇਹ ਮਾਇਆ ਇਨ੍ਹਾਂ ਗਰੀਬ ਸਿਖਾਂ ਵਿਚ ਵੰਡ ਦਿਤੀ ਜਾਵੇ, ਜਿਹੜੇ ਭੁਖੇ ਮਰ ਰਹੇ ਹਨ।

ਮਾਤਾ ਜੀ ਦੇ ਇਹ ਬਚਨ ਸੁਣ ਕੇ ਕਲਗੀਧਰ ਜੀ ਕਰੁਣਾ ਰਸ ਵਿਚ ਆ ਗਏ ਅਤੇ ਮਾਤਾ ਜੀ ਨੂੰ ਬੇਨਤੀ ਕੀਤੀ, ਮਾਤਾ ਜੀ, ਅਹਿ ਲਓ ਸੰਖੀਏ (ਜ਼ਹਿਰ) ਦੀ ਡਲੀ ਤੇ ਆਪਣੇ ਹੱਥੀਂ ਆਪਣੇ ਪੁੱਤਰ ਨੂੰ ਖਾਣ ਵਾਸਤੇ ਦਿਓ। ਸਤਿਗੁਰਾਂ ਦੇ ਇਹ ਅਨੂਪਮ ਬਚਨ ਸੁਣ ਕੇ ਮਾਤਾ ਜੀ ਤ੍ਰਭਕ ਉਠੇ ਅਤੇ ਕਹਿਣ ਲਗੇ, ਪੁਤਰ ਜੀ, ਇਹ ਕਿਵੇਂ ਹੋ ਸਕਦਾ ਹੈ? ਕੋਈ ਮਾਤਾ ਆਪਣੇ ਪੁਤਰ ਨੂੰ ਆਪਣੇ ਹਥੀਂ ਕਿਵੇਂ ਜ਼ਹਿਰ ਦੇ ਸਕਦੀ ਹੈ! ਤਾਂ ਸਤਿਗੁਰੂ ਜੀ ਮੁਸਕ੍ਰਾ ਪਏ ਤੇ ਕਹਿਣ ਲਗੇ ਕਿ ਮਾਤਾ ਜੀ, ਜੇ ਤੁਸੀਂ ਆਪਣੇ ਹਥੀਂ ਆਪਣੇ ਪੁਤਰ ਨੂੰ ਖਾਣ ਵਾਸਤ ਜ਼ਹਿਰ ਨਹੀਂ ਦੇ ਸਕਦੇ ਤਾਂ ਮੈਂ ਆਪਣੇ ਸਿਖਾਂ-ਪੁਤਰਾਂ ਨੂੰ ਆਪਣੇ ਹਥੀਂ ਕਿਵੇਂ ਜ਼ਹਿਰ ਦੇ ਦਿਆਂ? ਇਹ ਮਾਇਆ ਪੂਜਾ ਦਾ ਧਾਨ ਹੈ, ਇਹ ਪ ਰਾ ਹੈ ਨਿਰਾ ਪਾਰਾ, ਇਹ ਨਿਰੀ ਜ਼ਹਿਰ ਹੀ ਜ਼ਹਿਰ ਹੈ। ਜਿਹੜਾ ਇਸ ਨੂੰ ਖਾਏਗਾ, ਉਹ ਬਿਖ-ਗਾਮੀ ਹੋ ਜਾਏਗਾ। ਇਹ ਪੂਜਾ ਦਾ ਧਾਨ ਕੁਲਾਂ ਗਾਲ ਸੁਟੇਗਾ।

ਪਿਆਰੇ ਸਜਣੋ, ਅੰਦਾਜ਼ਾ ਲਗਾਓ ਕਿ ਜਿਸ ਪੂਜਾ ਦੇ ਧਾਨ ਨੂੰ ਸਤਿਗੁਰਾਂ ਨੇ ਆਪ ਅੰਗੀਕਾਰ ਨਾ ਕੀਤਾ ਅਤੇ ਆਪਣੇ ਸਿਖਾਂ-ਪੁਤਰਾਂ ਵਿਚ ਵੰਡਣਾ ਯੋਗ ਨਾ ਸਮਝਿਆ, ਅਜ ਉਸ ਪੂਜਾ ਦੇ ਧਾਨ ਨੂੰ ਕਿਵੇਂ ਮਾਂ ਦਾ ਦੁੱਧ ਸਮਝ ਕੇ ਹੜੱਪ ਕੀਤਾ ਜਾ ਰਿਹਾ ਹੈ।

ਇਹ ਪੂਜਾ ਦਾ ਧਾਨ ਜ਼ਹਿਰ ਹੈ, ਬਿਖ ਹੈ। ਜਿਹੜਾ ਇਸ ਨੂੰ ਖਾਏਗਾ ਉਸ ਦੀ ਬੁਧ ਭ੍ਰਿਸ਼ਟ ਜਾਏਗੀ।



www.AKJ.Org

ਇਹ ਪੂਜਾ ਦਾ ਧਾਨ ਜਿਸ ਦੀ ਹੜੀਂ ਲਹਿ ਗਿਆ, ਉਸ ਦੀ ਮਤ ਮਾਰੀ ਜਾਏਗੀ। ਇਸ ਗੁਰੂ ਕੀ ਗੋਲਕ ਦਾ ਜਿਸ ਨੂੰ ਝਸ ਪੈ ਗਿਆ, ਉਹ ਸੁਆਰਥੀ ਹੋ ਜਾਏਗਾ, ਉਹ ਫਿਰ "ਬਾਬਰ ਕਾ" ਬਣ ਜਾਏਗਾ, "ਬਾਬੇ ਕਾ" ਨਹੀਂ ਰਹਿ ਸਕੇਗਾ। ਜਿਸ ਨੂੰ ਇਸ ਦਾ ਸੁਆਦ ਪੈ ਗਿਆ, ਉਹ ਪ੍ਰਧਾਨ ਤੇ ਸਕਤ੍ਰ ਦੇ ਰੂਪ ਵਿਚ ਪੰਥ ਦਾ ਘਾਤਕ ਹੋਵੇਗਾ, ਪੰਥ ਦਾ ਸੇਵਾਦਾਰ ਨਹੀਂ ਬਣ ਸਕੇਗਾ। ਜਿਸ ਨੂੰ ਇਕ ਵੇਰ ਇਸ ਦੀ ਲਾਗ ਲਗ ਗਈ, ਉਹ ਪੰਥ ਦੀ ਸੇਵਾ ਨਹੀਂ ਕਰ ਸਕੇਗਾ। ਉਸ ਨੂੰ ਸੇਵਾ ਨਾਲੋਂ ਸੁਆਰਥ ਪਿਆਰਾ ਹੋਵੇਗਾ। ਉਹ ਗੁਰਦੁਆਰਿਆਂ ਦਾ ਪ੍ਰਧਾਨ ਸਕਤ੍ਰ ਬਣੇਗਾ ਤਾਂ ਗੁਰੂ ਦੇ ਪਿਆਰ ਲਈ ਨਹੀਂ, ਸਗੋਂ ਅਸੈਂਬਲੀਆਂ ਤੇ ਪਾਰਲੀਮੈਂਟਾਂ ਦੀਆ ਮੈਂਬਰੀਆਂ ਤੇ ਚੋਧਰ ਲਈ, ਕੋਟਿਆਂ ਤੇ ਪ੍ਰਮਿਟਾਂ ਅਥਵਾ ਠੇਕੇਦਾਰੀਆਂ ਦੇ ਲਾਲਚ ਲਈ। ਜਿਸ ਨੂੰ ਇਸ ਖੰਡ-ਗਲੇਫੀ ਜ਼ਹਿਰ ਖਾਣ ਦੀ ਲਤ ਲਗ ਗਈ, ਉਹ ਧਰਮ ਨਾਲੋਂ ਧੜੇ ਨੂੰ ਪਿਆਰ ਕਰੇਗਾ।

ਇਹ ਧਾਨ ਅਜਿਹਾ ਹੈ ਕਿ ਜਿਹੜਾ ਵੀ ਕੋਈ ਇਸ ਦੀ ਲਾਲਸਾ ਰਖੇਗਾ ਉਸਦੀ ਬੁਧ ਭ੍ਰਿਸ਼ਟ ਜਾਏਗੀ, ਜਿਸ ਨਾਲ ਗੁਰਦੁਆਰਾ ਕਮੇਟੀਆਂ ਦੇ ਕਰਮਚਾਰੀਆਂ ਦੀ ਸਾਲਹਾ-ਸਾਲ ਦੀ ਗੁਰਦੁਆਰਿਆਂ ਦੀ ਸੇਵਾ ਬਦਲੇ ਨਿਮ੍ਰਤਾ, ਗੁਰਸਿਖੀ, ਤੇ ਸੇਵਾ ਭਾਵ ਪ੍ਰਾਪਤੀ ਦੀ ਥਾਂ ਉਹਨਾਂ ਨੂੰ ਹੰਕਾਰ, ਲਾਲਚ, ਧੜੇ ਦੀ ਸ਼ਕਤੀ ਦੀ ਲਾਲਸਾ, ਸੁਆਰਥ ਤੇ ਇਸ ਦੀ ਪ੍ਰਾਪਤੀ ਲਈ ਨੀਚ ਤੋਂ ਨੀਚ ਕਰਮ ਵੀ ਕਰ ਗੁਜ਼ਰਨ ਦੀ ਨਿਰਲਜਤਾ ਮਿਲੇਗੀ। ਉਹਨਾਂ ਨੂੰ ਗੁਰੂ ਘਰ ਦੀ ਸੇਵਾ ਦਾ ਅਸਲ ਫਲ ਸ਼ਾਂਤੀ, ਸੰਤੋਖ ਤੇ ਮਨ ਦੀ ਨਿਰਮਲਤਾ ਤੇ ਨਿਮ੍ਰਤਾ ਕਦੇ ਨਹੀਂ ਮਿਲ ਸਕੇਗੀ। ਗੁਰੂ-ਗੋਲਕ ਦੇ ਲੋਭੀ ਭਾਈਆਂ ਗ੍ਰੰਥੀਆਂ ਦੇ ਮਨ ਵਿਚ ਗੁਰੂ ਸਤਿਕਾਰ ਨਹੀਂ ਰਹੇਗਾ। ਨਾ ਹੀ ਗੁਰੂ ਦੀ ਸੇਵਾ ਉਹਨਾਂ ਵਿਚ ਰਹਿ ਜਾਏਗੀ। ਨਾ ਹੀ ਜੀਵਨ ਦੀ ਪਵਿਤ੍ਰਤਾ ਹੀ ਉਹਨਾਂ ਵਿਚ ਰਹੇਗੀ। ਬਸ ਮਾਇਆ ਦੀ ਇਕਤ੍ਰਤਾ ਹੀ ਉਹਨਾਂ ਦੀ ਲਾਲਸਾ ਰਹਿ ਜਾਏਗੀ। ਇਸ ਪੂਜਾ ਦੇ ਧਾਨ ਦੇ ਲੋਭੀ ਰਾਗੀਆਂ ਦੇ ਕੀਰਤਨਾਂ ਵਿਚ ਬਸ ਕੰਨ-ਰਸ ਹੀ ਰਹਿ ਜਾਏਗਾ, ਉਹਨਾਂ ਦੇ ਹਰੀ-ਜਸ ਕੀਰਤਨਾਂ ਨਾਲ ਜੀਵਨ ਨਹੀਂ ਪਲਟ ਸਕਣਗੇ। ਇਹ ਜਿਉਂ ਜਿਉਂ ਕੀਰਤਨ ਕਰਨਗੇ ਤਿਉਂ ਤਿਉਂ ਇਹਨਾਂ ਦੀ ਆਪਣੀ ਤ੍ਰਿਸ਼ਨਾ ਵਧੇਗੀ। ਪੂਜਾ ਦੇ ਧਾਨ ਦੇ ਮਾਰੂ ਪਰਚਾਰਕ ਕੇਵਲ 'ਪਰ' ਨੂੰ ਹੀ 'ਚਾਰਨ' ਵਾਲੇ ਰਹਿ ਜਾਣਗੇ। ਇਹਨਾਂ ਦੇ ਪਰਚਾਰਾਂ ਦਾ ਅਸਰ ਵੀ ਉਲਟਾ ਹੀ ਹੋਵੇਗਾ। ਜਿਉਂ ਜਿਉਂ ਇਹਨਾਂ ਰਾਗੀਆਂ, ਇਹਨਾਂ ਪ੍ਰਚਾਰਕਾਂ, ਇਹਨਾਂ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨਾਂ, ਸਕਤ੍ਰਾਂ, ਮੈਨੇਜਰਾਂ ਤੇ ਮੈਂਬਰਾਂ ਅਤੇ ਭਾਈਆਂ ਗ੍ਰੰਥੀਆਂ ਵਿਚ ਮਾਇਆ, ਤਾਕਤ, ਸੁਆਰਥ ਵਧਦੇ ਜਾਣਗੇ **ਤਿਉਂ ਤਿਉਂ ਗੁਰੂ ਕੇ ਦੁਆਰਿਆਂ ਚੋਂ ਸਿਖੀ ਤੇ ਗੁਰਮਤਿ ਵਿਰੋਧੀ ਪ੍ਰਚਾਰ ਵਧੇਗਾ। ਸਿਖਾਂ ਵਿਚ ਸਿਖੀ ਦੀ ਥਾਂ ਨਾਸਤਕਤਾ ਵਧਦੀ ਜਾਏਗੀ। ਗੁਰਮਤਿ ਦੀ ਥਾਂ ਬਿਪਰਨ ਕੀ ਰੀਤ ਵਧੇਗੀ** ਤੇ ਇਸ ਦਾ ਪ੍ਰਚਾਰ ਗੁਰੂ ਕੇ ਦੁਆਰਿਆਂ ਵਿਚੋਂ, ਗੁਰਮਤਿ ਦੇ ਦੋਖੀਆਂ ਗੁਰਦੁਆਰਿਆਂ ਦੇ ਪ੍ਰਧਾਨਾ ਸਕਤ੍ਰਾਂ, ਰਾਗੀਆਂ ਪ੍ਰਚਾਰਕਾਂ ਤੇ ਗ੍ਰੰਥੀਆਂ ਹਥੋਂ ਹੀ ਹੋਵੇਗਾ।

ਇਹੋ ਹੀ ਕਾਰਨ ਹੈ ਕਿ ਤੀਜੇ ਪਾਤਿਸ਼ਾਹ ਨੇ ਹੁਕਮ ਕੀਤਾ ਸੀ ਕਿ 'ਰਾਤ ਨੂੰ ਭਾਂਡੇ ਮੂਧੇ ਕਰ ਕੇ ਸੋਇਆ ਕਰੋ।'' ਇਸ ਦਾ ਭਾਵ ਇਹ ਸੀ ਕਿ ਗੁਰੂ ਘਰ ਵਿਚ ਸੰਚਾਰ ਤੇ ਭੰਡਾਰ ਦੀ ਲੜ ਨਹੀਂ, ਕਿਉ ਕਿ

ਜਿਥੈ ਡਿਠਾ ਮਿਰਤਕੋ, ਇਲ ਬਹਿਠੀ ਆਇ ॥ [ਮ: ੫, ਪੰਨਾ ੩੨੨

ਭਾਵ ਜਿਥੇ ਵੀ (ਮ੍ਰਿਤਕ—ਮੁਰਦਾ) ਮਾਇਆ ਹੋਵੇਗੀ ਉਥੇ ਇਲ—ਮਾਇਆ ਦੇ ਲੋਭੀ (ਗੁਰਦੁਆਰਿਆਂ ਦੇ ਪ੍ਰਧਾਨ, ਸਕਤ੍ਰ, ਚੋਧਰ ਦੇ ਭੁੱਖੇ ਕਮੇਟੀ ਮੈਂਬਰ, ਗੁਰਦੁਆਰਿਆਂ ਦੇ ਭਾਈ ਗ੍ਰੰਥੀ ਰਾਗੀ ਪਚਾਰਕ) ਆ ਇਕਤ੍ਰ ਹੋਇਆ ਕਰਨਗੇ।

ਗੁਰੂ ਕੀ ਗੋਲਕ ਦੀ ਅਯੋਗ ਵਰਤੋਂ ਹੋ ਰਹੀ ਹੈ। ਇਸੇ ਕਾਰਨ ਹੀ ਪੰਥ ਦੀ ਨਿਘਰਦੀ ਦਸ਼ਾ ਵਾਪਰ ਰਹੀ ਹੈ। ਗੁਰੂ ਕੀ ਗੋਲਕ ਦੀ ਝਾਕ ਛਡਿਆਂ ਹੀ ਪੰਥ ਦੀ ਚੜ੍ਹਦੀ ਕਲਾ ਤੇ ਬੋਲ-ਬਾਲੇ ਹੋ ਸਕਦੇ ਹਨ। ਸਤਿਗੁਰੂ ਜੀ ਆਪ ਹੀ ਕਲਾ ਵਰਤਾਉਣ ਤੇ ਸਭ ਨੂੰ ਸੁਮੱਤ ਆਵੇ।



www.AKJ.Org

# ਬਾਬਾ ਪਰੋਜ

[ਪ੍ਰੋਫੈਸਰ ਠਾਕਰ ਸਿੰਘ ਜੀ, ਅੰਮ੍ਰਿਤਸਰ]

ਬਾਬਾ ਪਰੋਜ ਇਕ ਬੜੇ ਅਣਖੀਲੇ ਸੂਰਬੀਰ ਹੋਏ ਹਨ । ਦੇਸ਼-ਭਗਤੀ ਦਾ ਜਜ਼ਬਾ ਆਪ ਦੇ ਅੰਦਰ ਠਾਠਾਂ ਮਾਰਦਾ ਸੀ । ਸਿਖੀ ਅਣਖ ਨੂੰ ਕਾਇਮ ਰਖਦਿਆਂ ਹੋਇਆਂ ਆਪ ਜੀ ਨੇ ਬੜੀ ਬਹਾਦਰੀ ਨਾਲ ਜੁਧ ਕਰਦਿਆਂ ਹੋਇਆਂ ਸ਼ਹੀਦੀ ਪਾਈ ਸੀ । ਆਪ ਬੜੀ ਕਰਣੀ ਤੇ ਕਮਾਈ ਵਾਲੇ ਗੁਰੂ ਕੇ ਸਿਖ ਸਨ, ਜਿਸ ਸਦਕਾ ਆਪ ਦੇ ਬਚਨਾਂ ਵਿਚ ਬੜੀ ਸੱਤਾ ਸੀ । ਆਪ ਦੇ ਆਲੇ ਦੁਆਲੇ ਰਹਿਣ ਵਾਲੇ ਵਸਨੀਕ ਆਪ ਦੇ ਸਤਵਾਦੀ ਜੀਵਨ ਕਾਰਨ ਆਪ ਦਾ ਬੜਾ ਸਤਿਕਾਰ ਕਰਦੇ ਸਨ ।

ਬਾਬਾ ਪਰੋਜ, ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਵੇਲੇ ਹੋਏ ਹਨ । ਬਾਬਾ ਜੀ, ਸ੍ਰੀ ਮਾਨ ਬਾਊ ਮਲ ਸਿੰਘ ਜੀ ਦੇ ਬਜ਼ੁਰਗਾਂ ਵਿਚੋਂ ਹੋਏ ਹਨ । ਆਪ ਜੀ ਮਾਲਵੇ ਤੋਂ ਸਰਲੀ ਦੀ ਢਾਬ ਤੇ ਆ ਕੇ ਵਸੇ ਸਨ । ਇਹ ਸਰਲੀ ਪਿੰਡ ਸ੍ਰੀ ਅੰਮ੍ਰਿਤਸਰ ਜੀ ਤੋਂ ਖਡੂਰ–ਗੋਇੰਦਵਾਲ ਜਾਣ ਵਾਲੀ ਸੜਕ ਤੇ, ਜੰਡਿਆਲੇ ਤੋਂ ਅਗੇ, ਰਾਹ ਵਿਚ ਆਉਂਦਾ ਹੈ । ਬਾਬਾ ਜੀ ਨੇ ਆਪਣੇ ਸੰਗੀ ਸਾਥੀਆਂ ਦੇ ਨਾਲ ਇਥੇ ਸਿਖੀ ਪਰਚਾਰ ਦੇ ਨਾਲ ਨਾਲ ਸ਼ਸਤਰ-ਵਿਦਿਆ ਦਾ ਅਭਿਆਸ ਭੀ ਕਰਨਾ ਕਰਾਉਣਾ ਜਾਰੀ ਰਖਿਆ ਹੋਇਆ ਸੀ ।

ਮੁਸਲਮਾਨ ਹਾਕਮਾਂ ਵਲੋਂ ਸਰਲੀ ਪਿੰਡ ਦੇ ਮਾਲਕ, ਭੋਰਛੀ ਦੇ 'ਭੱਟੀ' ਰਾਜਪੂਤ ਮੰਨੇ ਜਾਂਦੇ ਸਨ । ਹਿੰਦੂ ਜਾਂ ਸਿਖ ਮੌਰੂਸੀ ਤੇ ਜ਼ਮੀਨ ਬੀਜਦੇ ਸਨ । ਉਸ ਵਕਤ ਦਾ ਰਿਵਾਜ ਸੀ ਕਿ ਖੁਸ਼ੀ ਗਮੀ ਸਮੇਂ, ਵਿਆਹ ਸ਼ਾਦੀਆਂ ਵੇਲੇ ਮੁਸਲਮਾਨਾਂ ਵਲੋਂ ਆਪਣੀ ਮਾਲਕੀ ਦੇ ਪਿੰਡਾਂ ਤੋਂ ਦੁੱਧ ਦਹੀਂ ਵਗਾਰ ਵਜੋਂ ਮੰਗਵਾਇਆ ਜਾਂਦਾ ਸੀ । ਇਕ ਵੇਰਾਂ ਇਸੇ ਤਰ੍ਹਾਂ ਸ਼ਾਦੀ ਸਮੇਂ ਜਦੋਂ ਬਾਬਾ ਜੀ ਪਾਸ ਦੁਧ-ਦਹੀਂ ਭੇਜਣ ਲਈ ਹੁਕਮ ਆਇਆ ਤਾਂ ਆਪ ਦੀ ਗੈਰਤ ਜਾਗ ਉਠੀ ਅਤੇ ਆਪ ਨੇ ਹਾਕਮਾਂ ਨੂੰ ਚਿੜਾਉਣ ਲਈ ਦੁੱਧ-ਦਹੀਂ ਵਾਲੇ ਮਟਕਿਆਂ ਵਿਚ ਹੇਠਾਂ ਮਹੀਆਂ ਦਾ ਗੋਬਰ ਭਰ ਕੇ, ਉਪਰਵਾਰ ਦੁੱਧ-ਦਹੀਂ ਪਾ ਕੇ ਭੇਜ ਦਿਤਾ ।

ਜਦੋਂ ਭੱਟੀ ਮੁਸਲਮਾਨਾਂ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਹ ਗੁੱਸੇ ਵਿਚ ਕਪੜਿਓਂ ਬਾਹਰੇ ਹੋ ਗਏ ਅਤੇ ਸਾਰਾ ਪਿੰਡ ਸਨੱਧ-ਬਧ ਹੋ ਕੇ ਸਰਲੀ ਵਲ ਬਾਬਿਆਂ ਤੇ ਚੜ੍ਹ ਕੇ ਆ ਗਿਆ । ਬਾਬਾ ਪਰੋਜ ਜੀ ਆਪਣੇ ਸਾਥੀਆਂ ਸਮੇਤ ਪਹਿਲਾਂ ਹੀ ਤਿਆਰ-ਬਰ-ਤਿਆਰ ਹੋ ਕੇ ਬੈਠੇ ਉਡੀਕ ਰਹੇ ਸਨ । ਭੱਟੀਆਂ ਦਾ ਕਟਕ ਆਉਂਦਾ ਵੇਖ ਕੇ ਆਪ ਉਨ੍ਹਾਂ ਨੂੰ ਅਗਲਵਾਂਢੀ ਆ ਮਿਲੇ ਅਤੇ ਕੁਝ ਪਲ ਦੋ-ਪਾਸੀਂ ਬੜੀ ਡਟਵੀਂ ਲੜਾਈ ਹੋਈ, ਜਿਸ ਵਿਚ ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੋਇਆ । ਅਖ਼ੀਰ ਮੁਸਲਮਾਨਾਂ ਦੇ ਪੈਰ ਉਖੜ ਖਲੋਤੇ ਅਤੇ ਉਹ ਪਿਛੇ ਨੂੰ ਖਿਸਕਣ ਲਗੇ । ਦੂਜੇ ਪਾਸੇ ਬਾਬਾ ਜੀ ਦਾ ਜਥਾ ਤਾਂ ਸ਼ਹੀਦੀਆਂ ਪਾਉਣ ਲਈ ਪੂਰੇ ਜੋਸ਼ ਨਾਲ ਅਗੇ ਵਧ ਵਧ ਕੇ ਲੜ ਰਿਹਾ ਸੀ । ਜਦੋਂ ਦੋਵੇਂ ਪਾਸੇ ਲੜਦੇ ਲੜਦੇ ਪਿੰਡ ਜਸੋ-ਨੰਗਲ ਲਾਗੇ ਪੁਜੇ ਤਾਂ ਬਾਬਾ ਜੀ ਨੂੰ ਇਕ ਕਾਰੀ ਜ਼ਖਮ ਲਗਾ । ਬਸ ਫਿਰ ਕੀ ਸੀ, "ਜਬੈ ਬਾਣ ਲਾਗੈ, ਤਬੈ ਰੋਸ ਜਾਗੈ", ਦਸਮੇਸ਼ ਜੀ ਦੇ ਫ਼ੁਰਮਾਨ ਅਨੁਸਾਰ ਆਪ ਚਮਕ ਉਠੇ ਅਤੇ ਜੈਕਾਰਾ ਛਡ ਕੇ ਮੁਸਲਮਾਨਾਂ ਉਤੇ ਟੁਟ ਹੀ ਪਏ । ਸਾਹਮਣੇ ਪਾਸੇ ਭਾਜੜ ਪੈ ਗਈ । ਜਦੋਂ ਲੜਦੇ ਲੜਦੇ ਬਾਬਾ ਜੀ ਪਿੰਡ ਭੋਰਛੀ ਦੇ ਨੇੜੇ ਪੁਜੇ ਤਾਂ ਛੱਤਾਂ ਉਪਰ ਖੜੀਆਂ ਔਰਤਾਂ ਨੇ ਹੱਥ ਜੋੜ ਕੇ ਰੱਬ ਦਾ ਵਾਸਤਾ ਪਾਇਆ ਅਤੇ ਪੁਕਾਰ ਕੀਤੀ, "ਬਾਬਾ ਜੀ, ਹੁਣ ਬਖਸ਼ ਦਿਓ ।" ਬਾਬਾ ਜੀ ਉਥੇ ਹੀ ਖੜੇ ਹੋ ਗਏ ਅਤੇ ਵੇਖਦਿਆਂ ਵੇਖਦਿਆਂ ਹੀ ਉਨ੍ਹਾਂ ਦਾ ਸਰੀਰ ਉਥੇ ਹੀ ਡਿਗ ਪਿਆ । ਇਉਂ ਬਾਬਾ ਜੀ ਉਥੇ ਸ਼ਹੀਦੀ ਪਾ ਗਏ । ਬਾਬਾ ਜੀ ਦੀ ਸੂਰਬੀਰਤਾ ਦੀ ਸ਼ਾਹਦੀ ਮੁਸਲਮਾਨ ਭੀ ਭਰਦੇ ਸਨ ।

ਆਪ ਦੇ ਸਰੀਰ ਦਾ ਅੰਤਮ ਸੰਸਕਾਰ ਕਰਨ ਲਈ ਪਿੰਡ ਸਰਲੀ ਵਿਖੇ ਲਿਆਂਦਾ ਗਿਆ, ਜਿਥੇ ਸਸਕਾਰ ਦੇ ਪਿਛੋਂ ਇਨ੍ਹਾਂ ਦੀ ਪੱਕੀ ਸਮਾਧ ਬਣਾਈ ਗਈ । ਭੋਰਛੀ ਪਿੰਡ ਜਿਥੇ ਉਨ੍ਹਾਂ ਦਾ ਸਰੀਰ ਠੰਢਾ

(ਬਾਕੀ ਦੇਖੋ ਸਫਾ ੪੩ ਦੇ ਹੇਠ)


www.AKJ.Org

# ਰਖਿਆ ਮੰਤ੍ਰੀ ਭਾਰਤ ਸਰਕਾਰ ਵਲ ਪੱਤਰ (ਪੰਜਾਬੀ ਉਲਥਾ)

ਅ ਕ ਜ/101/3–31

ਸੇਵਾ ਵਿਖੇ ਸਤਿਕਾਰ ਯੋਗ ਰਖਿਆ ਮੰਤਰੀ,
ਭਾਰਤ ਸਰਕਾਰ, ਨਵੀਂ ਦਿੱਲੀ

ਮਿਤੀ 15 ਸਤੰਬਰ 1980

### ਵਿਸ਼ਾ : ਸਿਖੀ ਰਹਿਤ ਮਰਯਾਦਾ ਵਿਚ ਦਖਲ-ਅੰਦਾਜ਼ੀ

ਸ੍ਰੀ ਮਾਨ ਜੀ,

ਸਾਡੇ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਜਦੋਂ ਅੰਗਰੇਜ਼ੀ ਸਰਕਾਰ ਨੇ ਭਾਰਤ ਵਿਚ ਪਹਿਲੀ ਵੇਰ ਸਿੱਖਾਂ ਨੂੰ ਇਨ੍ਹਾਂ ਦੀ ਬਹਾਦਰੀ, ਵਫ਼ਾਦਾਰੀ ਅਤੇ ਕੁਰਬਾਨੀ ਦੇ ਗੁਣਾਂ ਨੂੰ ਮੁਖ ਰਖਦਿਆਂ ਆਪਣੀ ਫੌਜ ਵਿਚ ਭਰਤੀ ਕਰਨਾ ਸ਼ੁਰੂ ਕੀਤਾ ਤਾਂ ਇਹ ਜਾਣ ਕੇ ਕਿ ਸਿੱਖਾਂ ਵਿਚ ਇਹ ਗੁਣ ਇਨ੍ਹਾਂ ਦੀ ਧਾਰਮਕ ਰਹਿਤ-ਬਹਿਤ ਤੋਂ ਉਤਪੰਨ ਹੁੰਦੇ ਹਨ, ਸਿੱਖ ਸਿਪਾਹੀ ਦੀ ਵਰਦੀ ਵਿਚ ਦੋਹਰੀ ਦਸਤਾਰ ਨੂੰ ਸ਼ਾਮਲ ਕੀਤਾ ਗਿਆ–ਜਿਸ ਵਿਚ ਵੱਡੀ ਦਸਤਾਰ ਅਤੇ ਇਕ ਅੰਦਰ ਸਜਾਉਣ ਲਈ ਛੋਟੀ ਦਸਤਾਰ ਸ਼ਾਮਲ ਹਨ। ਦਸਤਾਰ ਰਹਿਤ ਦਾ ਅਨਿਖੜਵਾਂ ਅੰਗ ਹੋਣ ਕਰਕੇ ਅੰਗਰੇਜ਼ ਨੇ ਇਸ ਨੂੰ ਵਰਦੀ ਦਾ ਅਨਿੱਖੜਵਾਂ ਅੰਗ ਪ੍ਰਵਾਨ ਕਰ ਲਿਆ। ਓਹੋ ਹੀ ਫੌਜੀ ਵਰਦੀ ਦਾ ਸਕੇਲ ਅੱਜ ਤਕ ਏਵੇਂ ਜਿਵੇਂ ਚਲਿਆ ਆ ਰਿਹਾ ਹੈ।

2. ਸਿੱਖ ਧਰਮ ਅੰਦਰ ਅੰਮ੍ਰਿਤਧਾਰੀ ਗੁਰਸਿਖ ਲਈ ਦਸਤਾਰ (ਕੇਸਕੀ) ਹਮੇਸ਼ਾ ਹੀ ਸਜਾਈ ਰੱਖਣ ਦਾ ਹੁਕਮ ਹੈ। ਇਸ ਨੂੰ ਕੇਵਲ ਕੇਸੀ ਇਸ਼ਨਾਨ ਕਰਨ ਲਗਿਆਂ, ਕੇਸ ਹਰੇ (ਕੇਸਾਂ ਵਿਚੋਂ ਪਾਣੀ ਖੁਸ਼ਕ ਕਰਨ) ਲਗਿਆਂ ਜਾਂ ਕੰਘਾ ਕਰਨ ਲਗਿਆਂ ਹੀ ਸੀਸ ਤੋਂ ਉਤਾਰਿਆ ਜਾਂਦਾ ਹੈ,ਪਰ ਉਸ ਸਮੇਂ ਵੀ ਸਰੀਰ ਨਾਲੋਂ ਵਖ ਨਹੀਂ ਕੀਤਾ ਜਾਂਦਾ। ਸੀਸ ਉਤੇ ਜੂੜਾ ਕਰਨ ਸਾਰ ਹੀ ਮੁੜ ਦਸਤਾਰ ਨੂੰ ਕੇਸਾਂ ਦੀ ਹਿਫ਼ਾਜ਼ਤ ਅਤੇ ਸਤਿਕਾਰ ਲਈ ਸਜਾ ਲਿਆ ਜਾਂਦਾ ਹੈ।

3. ਸਾਡੇ ਪਾਸ ਇਤਲਾਹ ਆਈ ਹੈ ਕਿ ਫੋਰਟ ਵਿਲੀਅਮ ਕਲਕੱਤਾ–21 ਤੋਂ ਈਸਟ ਕਮਾਂਡ ਸਿਗਨਲ ਰੈਜਮੈਂਟ ਦੇ ਨਵੇਂ ਆਏ ਕਮਾਂਡਰ ਨੇ ਆਪਣੀ ਰੈਜਮੈਂਟ ਦੇ ਸਿਪਾਹੀ ਗੁਰਜੰਤ ਸਿੰਘ ਨੂੰ ਖੇਡਾਂ ਅਤੇ ਪੀ. ਟੀ. ਸਮੇਂ ਛੋਟੀ ਦਸਤਾਰ ਦੀ ਬਜਾਏ ਜੂੜੇ ਉਤੇ ਰੁਮਾਲ ਬੰਨ੍ਹਣ ਨੂੰ ਕਿਹਾ ਹੈ। ਸ: ਗੁਰਜੰਤ ਸਿੰਘ ਜੀ ਨੇ ਦਸਤਾਰ ਨੂੰ ਸਿੱਖੀ ਰਹਿਤ-ਬਹਿਤ ਦਾ ਜ਼ਰੂਰੀ ਅੰਗ ਸਮਝ ਕੇ ਇਸ ਨੂੰ ਉਤਾਰਨ ਅਤੇ ਉਸ ਦੀ ਥਾਵੇਂ ਰੁਮਾਲ ਬੰਨ੍ਹਣ ਤੋਂ ਆਪਣੀ ਅਸਮਰਥਾ ਪ੍ਰਗਟ ਕੀਤੀ ਹੈ ਅਤੇ ਆਪਣੇ ਅਫ਼ਸਰ ਪਾਸੋਂ ਇਸ ਮਸਲੇ ਤੇ ਸੋਚਣ ਲਈ ਥੋੜੀ ਛੁੱਟੀ ਲਈ ਹੈ, ਇਹ ਫੈਸਲਾ ਕਰਨ ਲਈ ਕਿ ਨੌਕਰੀ ਛੱਡੀ ਜਾਏ ਜਾਂ ਜਾਨ ਤੋਂ ਪਿਆਰੀ ਸਿਖੀ ਰਹਿਤ ਤਿਆਗੀ ਜਾਏ।

4. ਹੋ ਸਕਦਾ ਹੈ ਕਿ ਨਵੇਂ ਆਏ ਕਮਾਂਡਰ ਨੂੰ ਅੰਮ੍ਰਿਤਧਾਰੀ ਸਿੱਖਾਂ ਦੇ ਦਸਤਾਰ ਰਹਿਤ ਬਾਰੇ ਅਤੇ ਇਸ ਰਹਿਤ ਨਾਲ ਸੰਬੰਧਤ ਸਿੱਖੀ ਭਾਵਨਾ ਬਾਰੇ ਜਾਣਕਾਰੀ ਨਾ ਹੋਵੇ।

5. ਇਸ ਲਈ ਮੈਂ ਅਖੰਡ ਕੀਰਤਨੀ ਜਥੇ ਦੇ ਜਥੇਦਾਰ (ਨਿਰਮਾਣ ਸੇਵਕ) ਦੀ ਹੈਸੀਅਤ ਵਿਚ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਿਗਨਲ ਰੈਜਮੈਂਟ ਦੇ ਕਮਾਂਡਰ ਨੂੰ ਕਿਹਾ ਜਾਏ ਕਿ ਇਸ ਸੰਬੰਧ ਵਿਚ ਉਪ੍ਰੋਕਤ ਸਿਪਾਹੀ ਵਿਰੁਧ ਕਿਸੇ ਅਨੁਸ਼ਾਸਨੀ ਕੌਰਵਾਈ ਕਰਨ ਤੋਂ ਸੰਕੋਚ ਕਰੇ। ਜਿਸ ਨਾਲ ਵਫ਼ਾਦਾਰ ਸਿੱਖ ਸਿਪਾਹੀਆਂ ਨੂੰ ਫ਼ੌਜੀ ਨੌਕਰੀ ਛੱਡਣ ਤੇ ਮਜਬੂਰ ਹੋਣਾ ਪਵੇ, ਜਿਸ ਦੇ ਫਲ-ਸਰੂਪ ਇਕ ਪਾਸੇ ਅੰਮ੍ਰਿਤ-ਧਾਰੀ ਖਾਲਸੇ ਦੇ ਜਜ਼ਬਾਤ ਨੂੰ ਠੇਸ ਵਜੇ ਤੇ ਦੂਜੇ ਪਾਸੇ ਭਾਰਤ ਦੀ ਫ਼ੌਜ ਬਹਾਦਰ ਅਤੇ ਵਫ਼ਾਦਾਰ ਫੌਜੀ ਸਿੱਖ ਦੀ ਸੇਵਾ ਤੋਂ ਵਿਰਵੀ ਹੋ ਜਾਵੇ।

ਆਪ ਜੀ ਵੱਲੋਂ ਧਰਮ ਦਾ ਪੱਖ ਪੂਰਨ ਕਰਨ ਵਾਲੇ ਉੱਤਰ ਦੀ ਆਸ ਵਿਚ ਖਾਲਸਾ ਜੀ ਦਾ ਨਿਮਾਣਾ ਸੇਵਕ

(ਸਹੀ) ਰਾਮ ਸਿੰਘ

ਜਥੇਦਾਰ, ਅਖੰਡ ਕੀਰਤਨੀ ਜਥਾ (ਸੱਚੀ ਵਿਸ਼ਵ ਸਿੱਖ ਸੰਸਥਾ)
ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

ਉਪਰੋਕਤ ਦਾ ਉਤਾਰਾ :—

1. ਪ੍ਰਧਾਨ ਮੰਤਰੀ
2. ਈਸਟ ਕਮਾਂਡ ਸਿਗਨਲ ਰੈਜਮੈਂਟ ਕਮਾਂਡਰ
3. ਸ: ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ
4. ਮੈਨੇਜਰ 'ਸੂਰਾ'



www.AKJ.Org

No. A.K.J/101/3-31 Dated 15th Sept. 1980

The Honourable Defence Minister,
Ministry of Defence,
Govt. of India, New Delhi.

Subject : Interference in Sikh Religious Rites.

Sir,

It is a matter of pride for us to mention that when the British Govt. in India started recruiting Sikh soldiers in the British Indian Army for the first time in recognition of their bravery, loyalty and spirit of sacrifice—the qualities which emanate from strict adherence to the laws of Sikh religion—a small under-turban (one of the Sikh religious external symbols) was included in the authorised clothing scale alongwith a full-size turban for a Sikh soldier, out of regard for the latter's religious commandments. The same clothing scale holds good to-day also.

2. The Sikh Religious laws enjoin on a baptized (Amritdhari) Sikh, the wearing of a small under-turban all the time except while washing, drying or combing hair. As soon as the hair is done up into a top-knot on the head, the small under-turban has got to be worn for protection and respect of hair.

3. A case has just been brought to our notice where a new Commanding Officer of East Command Signal Regt. stationed at Fort William, Calcutta-21 has ordered his sepoy S/M Gurjant Singh to wear a small handkerchief on the head instead of the small authorised under-turban during P.T. and sports time. Being pertubed by the order the said Sepoy has taken leave to make up his mind about giving up the use of turban during sports and P.T. hours or sacrificing his service for the sake of adherence to religious tenents.

4. It is quite possible that the said Regt. Commander may not be fully aware of the Sikh religious sentiments associated with the wearing of a small under-turban by baptized Sikhs.

5. I, therefore as a chosen leader (humble servant) of Akhand Kirtani Jatha, a world wide Religious Organisation request your Honour to advise the concerned Commanding Officer to refrain from taking any drastic action against the said Sepoy and injuring the religious sentiments of baptized Sikhs. It will be sad and unfortunate if the Indian Army has to lose the services of extremely loyal Sikh soldiers over trivial matters concerning religious observations.

Hoping to hear favourably from your Honour,

Humble servant of the Khalsa,
Sd/- (Ram Singh)
Jathedar Akhand Kirtani Jatha,
(Sikh Dharma Organisation)
Bazar Mai Sewan, Kucha Chattar Singh, AMRITSAR.

C. C. to :

| | | |
|---|---|---|
| 1. | The Prime Minister of India : | With a request to intervene and issue necessary healthy advice in the matter. |
| 2. | The Officer Commanding, East Command Signal Regt. Fort William, Calcutta—21. | With a request to hold in abeyance any disciplinary action intended to be taken against Sepoy S/M Gurjant Singh till receipt of instructions, from The Ministry of Defence, on the subject. |
| 3. | S. Gurcharan Singh Tohra, : President S.G.P.C. Asr. | With a request to approach the Centre for being considerate towards the religious sentiments of Baptized Sikhs, Particularly where the use of an authorised item of clothing for a Sikh Soldier is concerned. |
| 4. | Manager Sura Magazine : | With a request to publish this letter in the October '80 issue of the Magazine. |

www.AKJ.Org

# ਸਿਖ ਰਹਿਤ ਮਰਯਾਦਾ

''ਸਿੰਘ ਸਭਾ ਪਤ੍ਰਿਕਾ'' ਜੁਲਾਈ ੧੯੮੦ ਵਿਚ ਡਾ: ਜੀਤ ਸਿੰਘ ਸੀਤਲ ਦਾ ਲੇਖ ''ਸਿਖ ਰਹਿਤ ਮਰਯਾਦਾ'' ਛਪਿਆ ਹੈ, ਜਿਸ ਵਿਚ ਸਿਖ ਰਹਿਤ ਮਰਯਾਦਾ ਦੀ ਰੂਪ-ਰੇਖਾ ਵਿਗਾੜਨ ਦੀ ਕੁਟਵ ਚਾਲ ਚਲੀ ਗਈ ਹੈ ਅਤੇ ਉਨ੍ਹਾਂ ਤੱਥਾਂ ਨੂੰ ਵੀ ਵਾਦ-ਵਿਵਾਦ ਦਾ ਵਿਸ਼ਾ ਬਣਾ ਕਢਿਆ ਹੈ ਜਿਨ੍ਹਾਂ ਪ੍ਰਤੀ ਸਮੁਚੇ ਪੰਥ ਵਿਚ ਪੂਰਨ ਏਕਤਾ ਹੈ। ਜਿਹਾ ਕਿ ਇਸ ''ਪਤ੍ਰਿਕਾ'' ਦੇ ਹੇਠ ਲਿਖੇ ਪੰਨਿਆਂ ਤੇ ਇਹ ਸਤਰਾਂ ਦਰਜ ਹਨ :—

(੧) (ਕੁਰਹਿਤਾਂ ਵਿਚ ਇਕ ਰਹਿਤ ਹੈ) ਮੁਸਲੀ ਜਾਂ ਤੁਰਕਣੀ ਸੰਗ ਭੋਗ ਕਰਨਾ (ਪਰ-ਇਸਤ੍ਰੀ ਨਹੀਂ)। —ਪੰਨਾ ੪੪

(੨) ਤੁਰਕਣੀ ਅਰਥਾਤ ਮੁਸਲਮਾਨੀ ਔਰਤ ਦਾ ਗਮਨ ਕੁਰਹਿਤ ਹੈ,ਨਾ ਕਿ ਪਰ-ਤ੍ਰਿਆ ਨਾਲ ਗਮਨ। ... ਇਹ ਕੁਰਹਿਤ ਵੀ 'ਤੁਰਕਣੀ' ਤਕ ਹੀ ਸੀਮਤ ਹੀ। —ਪੰਨਾ ੫੧

(੩) ਜਿਨ੍ਹਾਂ ਸਵਾਰਥੀਆਂ ਨੇ ਇਸ ਕੁਰਹਿਤ ਨੂੰ ''ਤੁਰਕਣੀ ਗਮਨ'' ਦੀ ਥਾਂ ''ਪਰ-ਇਸਤ੍ਰੀ ਜਾਂ ਪਰ-ਮਰਦ ਗਮਨ'' ਨਾਲ ਬਦਲ ਲਿਆ ਹੈ, ਉਹ ਫ਼ੌਜੀ ਨਿਯਮ ਨੂੰ ਆਚਰਣਿਕ ਰੰਗ ਦੇ ਕੇ ਉਸ ਦੀ ਅਸਲ ਰੂਹ ਨੂੰ ਮਾਰਨਾ ਚਾਹੁੰਦੇ ਹਨ। ਇਸ ਨੇ ਖਾਲਸਾ ਨੂੰ ਹਾਨੀ ਪਹੁੰਚਾਈ ਹੈ। —ਪੰਨਾ ੫੯

(੪) ਬਜਰ ਕੁਰਹਿਤ ਹੈ ਤਮਾਕੂ (ਕੇਵਲ ਤਮਾਕੂ) ਵਰਤਣਾ (ਹੋਰ ਨਸ਼ਿਆਂ ਬਾਰੇ ਨਹੀਂ)। —ਪੰਨਾ ੪੪

(੫) ਰਹਿਤਨਾਮਿਆਂ ਦੇ ਲੇਖਕਾਂ, ਕੁਝ ਇਤਿਹਾਸਕਾਰਾਂ ਤੇ ਗੁਰਦਵਾਰਾ ਕਮੇਟੀਆਂ ਨੇ ਤੰਬਾਕੂ ਦੇ ਨਾਲ ਦੂਜਿਆਂ ਨਸ਼ਿਆਂ ਭੰਗ, ਚਰਸ, ਅਫ਼ੀਮ, ਸ਼ਰਾਬ ਆਦਿ ਨੂੰ ਵੀ ਆਪਣੇ ਆਪ ਹੀ ਸ਼ਾਮਲ ਕਰ ਲਿਆ, ਇਥੋਂ ਤਕ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ ਲਈ ਵੋਟਰ ਬਣਨ ਲਈ ਵੀ ਇਹ ਪਾਬੰਦੀ ਲਾ ਦਿਤੀ ਕਿ ਉਹ ਸ਼ਰਾਬ ਆਦਿ ਨਾ ਪੀਂਦਾ ਹੋਵੇ। ਇਹ ਆਦਿ ਨਿਯਮ ਦੇ ਵਿਰੁਧ ਹੈ। —ਪੰਨਾ ੫੧

ਇਸ ਲੇਖ ਵਿਚ 'ਕੁਠਾ' ਕੁਰਹਿਤ ਦੀ ਚਰਚਾ ਕਰਦਿਆਂ ਹੋਇਆਂ ਭਗਤਾਂ ਦੀ ਬਾਣੀ ਨੂੰ ਗੁਰੂ-ਆਸ਼ੇ ਤੋਂ ਉਲਟ ਦਸਣ ਦੀ ਕੋਝੀ ਹਰਕਤ ਇਨ੍ਹਾਂ ਸ਼ਬਦਾਂ ਵਿਚ ਕੀਤੀ ਗਈ ਹੈ :—

(੬) ਭਾ: ਰਣਧੀਰ ਸਿੰਘੀਏ..... ਆਦਿ ਕੁੱਠੇ ਬਾਰੇ ਉਪਰੋਕਤ ਸਹੀ ਵਿਚਾਰ ਨੂੰ ਮਜ਼ਾਕ ਕਹਿੰਦੇ ਹਨ ਅਤੇ 'ਹਿੰਸਾ' ਨੂੰ ਮਾਸ ਨਾਲ ਅੰਵਾਈ ਜਾ ਜੋੜਦੇ ਹਨ। ਆਪਣੀ ਪੁਸ਼ਟੀ ਲਈ ਭਗਤ ਕਬੀਰ ਆਦਿ ਦੀ ਬਾਣੀ ਦੀ ਟੇਕ ਲੈਂਦੇ ਹਨ। **ਭਗਤ ਤਾਂ ਸਾਰੇ ਵੈਸ਼ਨਵ ਮਤ ਦੇ ਸਨ,** ਇਸ ਲਈ ਉਨ੍ਹਾਂ ਤਾਂ ਮਾਸ ਦਾ ਵਿਰੋਧ ਕਰਨਾ ਹੀ ਸੀ। —ਪੰਨਾ ੫੮

ਅਗੇ ਜਾ ਕੇ ਮਾਸ ਖਾਣ ਦੀ ਪੁਸ਼ਟੀ ਵਿਚ ਇਉਂ ਲਿਖਦੇ ਹਨ—

(੭ ਸਾਰੇ ਗੁਰੂ ਸਾਹਿਬਾਨ 'ਸਿਵਾਇ ਇਸ ਦੇ ਮਾਸਾਹਾਰੀ ਸਨ — ਇਹ ਇਤਿਹਾਸਕ ਤੱਥ ਹੈ। ... ਕੇਵਲ ਗੁਰੂ ਅਰਜਨ ਦੇਵ ਜੀ ਦੇ ਵੇਲੇ ਲੰਗਰ ਵਿਚ ਕੁਝ ਸਮੇਂ ਲਈ ਮਾਸ ਦੀ ਮਨਾਹੀ ਕੀਤੀ ਗਈ, ਜਦ ਕਿ ਬਨਾਰਸ ਤੋਂ ਪੰਡਿਤ ਤੇ ਹੋਰ ਭੱਟ ਆਦਿ ਸ੍ਰੀ ਅੰਮ੍ਰਿਤਸਰ ਆਏ ਹੋਏ ਸਨ। —ਪੰਨਾ ੫੪

(੮) ਇਸ ਤਰ੍ਹਾਂ ਝਟਕੇ ਜਾਂ ਮਾਸ ਦੀ ਰੀਤ ਕੋਈ ਨਵੀਂ ਨਹੀਂ ਸੀ। ਪਿਛਲੇ ਚਵ੍ਹਾਂ ਗੁਰੂ ਸਾਹਿਬਾਨ ਤੋਂ ਚਲੀ ਆ ਰਹੀ ਸੀ। —ਪੰਨਾ ੫੮

(੯) (ਮਾਸ ਦਾ) ਕੋਲਾ ਛਕਣ ਉਪਰੰਤ ਅਮਰਦਾਸ ਜੀ ਦੇ ਕਪਾਟ ਖੁਲ੍ਹ ਗਏ। —ਪੰਨਾ ੫੮

ਇਸੇ ਤਰ੍ਹਾਂ ਅੰਮ੍ਰਿਤਧਾਰੀ ਹੋਣ ਦੀ ਮਰਯਾਦਾ ''ਜੰਗੀ ਜੀਵਨ ਦੇ ਵਤੀਰੇ ਤੇ ਵਿਵਹਾਰ ਲਈ ਨਿਯਮ'' ਦਸ ਕੇ ਸਿਖ ਮਾਤਰ ਨੂੰ ਗੁਮਰਾਹ ਕਰਨ ਦੀ ਪੁੱਠੀ ਚਾਲ ਚਲੀ ਗਈ ਹੈ। ਲਿਖਿਆ ਹੈ—

(੧੦) ਕਕਾਰ ਤੇ ਕੁਰਹਿਤਾਂ ਮੁਖ ਤੌਰ ਤੇ ਉਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਲਈ ਨਿਸਚਿਤ ਕੀਤੀਆਂ ਗਈਆਂ, ਜਿਨ੍ਹਾਂ ਨੇ ਤੁਰਕਾਂ ਵਿਰੁਧ ਜੰਗ ਕਰਨਾ ਸੀ। ਇਹ ਜੰਗੀ ਜੀਵਨ ਦੇ ਵਤੀਰੇ ਤੇ ਵਿਵਹਾਰ ਲਈ ਨਿਯਮ ਹਨ। —ਪੰਨਾ ੫੯


www.AKJ.Org

"ਸਿੰਘ ਸਭਾ ਪਤ੍ਰਿਕਾ" ਵਿਚ ਇਸ ਤਰ੍ਹਾਂ ਦੇ ਵਿਚਾਰ ਦੇ ਕੇ ਸਿਖ ਰਹਿਤ ਮਰਯਾਦਾ ਨੂੰ ਕਾਫ਼ੀ ਗੰਧਲ ਕੀਤਾ ਗਿਆ ਹੈ। ਸੰਗਤਾਂ ਨੂੰ ਟਪਲੇ ਵਿਚ ਪਾਉਣ ਵਾਲੇ ਇਨ੍ਹਾਂ ਗ਼ਲਤ ਤੱਥਾਂ ਨੂੰ ਵੇਖ ਕੇ 'ਸੂਰਾ' ਮਾਸਕ ਪੱਤਰ ਨੂੰ ਮਜਬੂਰ ਹੋਣਾ ਪਿਆ ਹੈ ਅਤੇ ਸਤੰਬਰ ੧੯੮੦ ਦਾ ਪਰਚਾ "ਸਿਖ ਰਹਿਤ ਮਰਯਾਦਾ ਅੰਕ" (ਗੁਰ ਸਿਖੀ ਗੁਰੁ ਸਿਖ ਕਮਾਵੈ) ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਅੰਕ ਵਿਚ ਪਰਮੁਖ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਸੇਧ ਲਈ ਗਈ ਹੈ ਅਤੇ ਪ੍ਰਚਲਤ ਰਹਿਤਨਾਮਿਆਂ ਦੇ ਬਚਨਾਂ ਨੂੰ ਅਤੇ ਇਤਿ-ਹਾਸਕ ਸਾਖੀਆਂ ਨੂੰ ਸਾਹਮਣੇ ਲਿਆ ਕੇ ਨਿਰੋਲ ਗੁਰਮਤਿ ਦੀ ਸੇਧ ਵਿਚ 'ਸਿਖ ਰਹਿਤ ਮਰਯਾਦਾ' ਨੂੰ ਸਪੱਸ਼ਟਾਇਆ ਗਿਆ ਹੈ।

ਸਿਖ ਸੰਗਤਾਂ ਨੂੰ ਟਪਲਿਆਂ ਤੋਂ ਬਚਾਉਣ ਲਈ ਲੋੜ ਹੈ ਕਿ 'ਸੂਰਾ' ਸਤੰਬਰ ੧੯੮੦ ਦੇ 'ਸਿਖ ਰਹਿਤ ਮਰਯਾਦਾ ਅੰਕ' ਦੀਆਂ ਵਧ ਤੋਂ ਵਧ ਕਾਪੀਆਂ ਪ੍ਰਾਪਤ ਕਰ ਕੇ ਥਾਂ-ਪਰ-ਥਾਂ ਪਹੁੰਚਾਈਆਂ ਜਾਣ।

ਪਰਤੱਖ ਵੇਖਣ ਵਿਚ ਆ ਰਿਹਾ ਹੈ ਕਿ ਖਾਲਸਾ ਰਹਿਤ ਬਹਿਤ ਨੂੰ ਅੰਦਰੋਂ ਬਾਹਰੋਂ ਢਾਹ ਲਗੀ ਹੋਈ ਹੈ। ਵਿਰੋਧੀ ਤਾਂ ਸਿਧਾ ਉਟੰਕਣ ਕਰਦੇ ਹਨ, ਉਨ੍ਹਾਂ ਦਾ ਮੂੰਹ ਤਾਂ ਭੰਨਿਆ ਜਾ ਸਕਦਾ ਹੈ ਤੇ ਉਨ੍ਹਾਂ ਤੋਂ ਖਬਰਦਾਰ ਵੀ ਰਿਹਾ ਜਾ ਸਕਦਾ ਹੈ, ਪਰ ਬੁੱਕਲ ਦੇ ਸੱਪ ਜ਼ਿਆਦਾ ਖ਼ਤਰਨਾਕ ਹੁੰਦੇ ਹਨ।

ਇਕ ਪਾਸੇ ਸਿਖ ਵਿਦਵਾਨ, ਜਿਨ੍ਹਾਂ ਪਾਸ ਉਚੇਰੀ ਵਿਦਿਆ ਤੇ ਤੀਖਣ ਬੁਧੀ ਹੈ, ਉਹ ਗੁਰਮਤਿ ਸਿਧਾਂਤਾਂ ਨੂੰ ਸਪੱਸ਼ਟਾਉਣ ਲਈ ਆਪਣੀ ਯੋਗਤਾ ਦਾ ਪ੍ਰਯੋਗ ਗੁਰਬਾਣੀ ਦੀ ਰੌਸ਼ਨੀ ਵਿਚ ਕਰਨ ਦੀ ਬਜਾਏ, ਆਪਣੀਆਂ ਨਿਜੀ ਕਮਜ਼ੋਰੀਆਂ ਅਧੀਨ ਕਰ ਰਹੇ ਹਨ ਅਤੇ ਇਉਂ ਆਪਣਾ ਸਾਰਾ ਜ਼ੋਰ ਗੁਰਮਤਿ-ਸਿਧਾਂਤਾਂ ਦੀ ਰੂਪ-ਰੇਖਾ ਬਿਗਾੜਨ ਵਲ ਲਾ ਰਹੇ ਹਨ।

ਦੂਜੇ ਪਾਸੇ ਕੌਮ ਦੇ ਮੁਹਾਣੇ ਸਾਡੇ ਧਾਰਮਕ ਆਗੂ "ਧਰਮ ਸਿਆਸਤ ਇਕ" ਦੀ ਆੜ ਥਲੇ, ਖ਼ੁਦਗਰਜ਼ੀ ਅਧੀਨ ਸਿਆਸਤ ਦੀਆਂ ਕੁਟਲ ਚਾਲਾਂ ਚਲ ਰਹੇ ਹਨ, ਜਿਨ੍ਹਾਂ ਨਾਲ ਧਰਮ ਦਾ ਉਜਲਾ ਮੱਥਾ ਕਲੰਕਤ ਹੋ ਰਿਹਾ ਹੈ। ਸਿਆਸਤ ਉਤੇ ਧਰਮ ਦਾ ਕੁੰਡਾ ਚਾਹੀਦਾ ਸੀ, ਪਰ ਉਲਟਾ ਸਿਆਸਤ ਧਰਮ ਤੇ ਛਾ ਗਈ ਹੈ।

ਤੀਜੇ ਪਾਸੇ ਕੌਮ ਦੇ ਪਰਚਾਰਕ-ਵਰਗ ਦਾ ਨਿਸ਼ਾਨਾ ਆਮ ਦੁਨੀਆਦਾਰਾਂ ਵਾਂਗ ਕੇਵਲ ਮਾਇਆ ਇਕੱਠੀ ਕਰਨੀ ਹੀ ਬਣ ਗਿਆ ਹੈ।

ਜਦ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਖੇਤ ਦਾ ਰੱਬ ਰਾਖਾ!

ਇਸ ਨਿਘਰੀ ਦਸ਼ਾ ਵਿਚ ਹਰ ਪੰਥ-ਹਿਤੈਸ਼ੀ ਗੁਰਸਿਖ ਦਾ ਫ਼ਰਜ਼ ਬਣ ਜਾਂਦਾ ਹੈ ਕਿ ਜਿਥੇ ਨਿਜੀ ਤੌਰ ਤੇ ਗੁਰਮਤਿ ਅਸੂਲਾਂ ਨੂੰ ਜੀਵਨ ਵਿਚ ਦ੍ਰਿੜ੍ਹਤਾ ਨਾਲ ਧਾਰਨ ਕੀਤਾ ਜਾਏ ਓਥੇ ਨਿਮਰਤਾ ਤੇ ਨਿਰਮਾਣਤਾ ਸਹਿਤ ਅਤੇ ਪੂਰੀ ਲਗਨ ਨਾਲ ਸਿੱਖੀ ਸਿਧਾਂਤਾਂ ਦੇ ਪਰਚਾਰ ਵਿਚ ਤਨ ਮਨ ਧਨ ਕਰਕੇ ਆਪਣਾ ਹਿੱਸਾ ਪਾਇਆ ਜਾਏ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਹੰਭਲਾ ਮਾਰਿਆ ਜਾਏ। ਇਹ ਸਮੇਂ ਦੀ ਵੰਗਾਰ ਹੈ!

---

(ਸਫਾ ੩੯ ਦੀ ਬਾਕੀ)

ਹੋਇਆ ਸੀ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ, ਉਥੇ ਪੱਕਾ ਥੜਾ ਬਣਾ ਦਿਤਾ ਗਿਆ, ਜੋ ਹੁਣ ਤਕ ਉਥੇ ਉਨ੍ਹਾਂ ਦੀ ਯਾਦ ਵਜੋਂ ਕਾਇਮ ਹੈ।

ਬਾਬਾ ਜੀ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਜਾਣ ਕੇ, ਕੁਝ ਸਮੇਂ ਤੋਂ ਨਿਹੰਗ ਸਿੰਘ ਬਾਬਾ ਪਾਲ ਸਿੰਘ ਜੀ ਪਿੰਡ ਕੈਰੋਂ ਵਾਲਿਆਂ ਨੇ, ਬਾਬਾ ਜੀ ਦੀ ਸਮਾਧ ਤੇ ਪੁਜ ਕੇ ਝੰਡੇ ਗਡ ਦਿਤੇ, ਤੇ ਸਹਿਜੇ ਸਹਿਜੇ ਉਥੇ ਸੁੰਦਰ ਗੁਰਦਵਾਰਾ ਬਣ ਗਿਆ ਹੈ। ਨਿਹੰਗ ਸਿੰਘ ਜੀ ਉਥੇ ਬੜੀ ਨਿਸ਼ਕਾਮ ਸੇਵਾ ਕਰ ਰਹੇ ਹਨ। ਕਈ ਸਾਲਾਂ ਤੋਂ ਉਥੇ ਸ੍ਰੀ ਅਖੰਡਪਾਠ, ਕੀਰਤਨ ਸਮਾਗਮ ਅਤੇ ਗੁਰਮਤਿ ਪਰਚਾਰ ਹੋ ਰਿਹਾ ਹੈ। ਇਲਾਕੇ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਉਥੇ ਹਾਜ਼ਰੀਆਂ ਭਰਦੀਆਂ ਤੇ ਲਾਹੇ ਪ੍ਰਾਪਤ ਕਰਦੀਆਂ ਹਨ। ੧੯੭੯ ਵਿਚ ਮਾਨਯਵਰ ਬਾਊ ਮਲ ਸਿੰਘ ਜੀ ਨੇ ਇਸ ਅਸਥਾਨ ਦੇ ਗੁਰਦਵਾਰੇ ਦੀ ਇਮਾਰਤ ਲਈ ਦੋ ਹਜ਼ਾਰ ਰੁਪਏ ਸੇਵਾ ਕੀਤੀ ਸੀ।

www.AKJ.Org

# ਹਰਿਆਣੇ ਵਿੱਚ ਪੰਜਾਬੀ ਪੜ੍ਹਾਈ ਦੀ ਸਮੱਸਿਆ

[ਸ: ਮਨਮੋਹਨ ਸਿੰਘ ਜੀ ਬਬਿਆਲ]

ਹਿੰਦੀ ਹਰਿਆਣੇ ਦੀ ਪਹਿਲੀ ਭਾਸ਼ਾ ਹੈ। ਬਾਕੀ ਸਭ ਹੋਰ ਵਿਸ਼ਿਆਂ ਦੀ ਪੜ੍ਹਾਈ ਦਾ ਮਾਧਿਅਮ ਵੀ ਹਿੰਦੀ ਭਾਸ਼ਾ ਹੈ। ਸਕੂਲ ਸਿਖਿਆ ਬੋਰਡ ਹਰਿਆਣਾ ਦੀ ਹਦਾਇਤ ਮੁਜਬ ਹਰ ਵਿਦਿਆਰਥੀ ਨੂੰ ਸਤਵੀਂ ਸ਼੍ਰੇਣੀ ਤੋਂ ਸੰਸਕ੍ਰਿਤ, ਪੰਜਾਬੀ ਤੇ ਡਰਾਇੰਗ, ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਲਾਜ਼ਮੀ ਪੜ੍ਹਨੀ ਪੈਂਦੀ ਹੈ। ਪਰ ਆਮ ਤੌਰ ਤੇ ਸਰਕਾਰੀ ਜਾਂ ਗ਼ੈਰ-ਸਰਕਾਰੀ ਸਕੂਲਾਂ ਵਿਚ ਸੰਸਕ੍ਰਿਤ ਤੇ ਡਰਾਇੰਗ ਦੀ ਪੜ੍ਹਾਈ ਦਾ ਪ੍ਰਬੰਧ ਤਾਂ ਹੈ ਪਰ ਪੰਜਾਬੀ ਭਾਸ਼ਾ ਦੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ, ਕਿਉਂਕਿ ਪੰਜਾਬੀ ਨੂੰ ਸਿੱਖਾਂ ਦੀ ਭਾਸ਼ਾ ਸਮਝਿਆ ਜਾਂਦਾ ਹੈ। ਸਕੂਲ ਸਿਖਿਆ ਬੋਰਡ ਹਰਿਆਣਾ ਦਾ ਨਿਯਮ ਹੈ ਕਿ ਜਿਥੇ ਦਸ ਬੱਚੇ ਪੰਜਾਬੀ ਪੜ੍ਹਨ ਵਾਲੇ ਹੋਣ, ਉਥੇ ਸਕੂਲ ਦੇ ਹੈਡਮਾਸਟਰ ਦਾ ਫਰਜ਼ ਬਣਦਾ ਹੈ ਕਿ ਉਹ ਵਿਦਿਆਰਥੀਆਂ ਦੀ ਲੋੜ ਨੂੰ ਮੁਖ ਰਖਦੇ ਹੋਏ ਸਕੂਲ ਵਿੱਚ ਪੰਜਾਬੀ ਟੀਚਰ ਦਾ ਪ੍ਰਬੰਧ ਕਰਨ। ਹਰਿਆਣੇ ਦੇ ਗ਼ੈਰ-ਸਰਕਾਰੀ ਸਕੂਲਾਂ ਵਿਚ ਪੰਜ ਬੀ ਪੜ੍ਹਨ ਦੇ ਚਾਹਵਾਨ ਸਿੱਖ ਅਤੇ ਗ਼ੈਰ ਸਿੱਖ ਵਿਦਿਆਰਥੀਆਂ ਦੀ ਸੰਖਿਆ ਭਾਵੇਂ ਸੌ ਤੋਂ ਵਧ ਹੁੰਦੀ ਹੋਵੇ, ਪਰ ਫੇਰ ਵੀ ਸਕੂਲਾਂ ਵਿੱਚ ਪੰਜਾਬੀ ਟੀਚਰ ਦਾ ਪ੍ਰਬੰਧ ਨਾ ਹੋਣ ਕਾਰਨ ਉਨ੍ਹਾਂ ਵਿਦਿਆਰਥੀਆਂ ਨੂੰ ਸੰਸਕ੍ਰਿਤ ਜਾਂ ਡਰਾਇੰਗ ਪੜ੍ਹਨੀ ਪੈਂਦੀ ਹੈ। ਇਸਦੇ ਫਲ-ਸਰੂਪ ਉਹ ਵਿਦਿਆਰਥੀ ਮੈਟ੍ਰਿਕ ਵਿਚ ਸੰਸਕ੍ਰਿਤ ਆਦਿ ਵਿਚੋਂ ਚੰਗੇ ਨੰਬਰ ਨਹੀਂ ਲੈ ਸਕਦੇ, ਜਿਸਦਾ ਨਤੀਜੇ ਤੇ ਬਹੁਤ ਹੀ ਭੈੜਾ ਅਸਰ ਪੈਂਦਾ ਹੈ।

ਬੜੇ ਦੁਖ ਦੀ ਗੱਲ ਹੈ ਕਿ ਸਿੱਖਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਤੋਂ ਵਾਂਝਿਆਂ ਰਖਿਆ ਜਾਂਦਾ ਹੈ। ਇਸੇ ਕਾਰਨ ਉਹ ਆਪਣੇ ਅਨਮੋਲ ਵਿਰਸੇ–ਸਿੱਖ ਇਤਿਹਾਸ ਅਤੇ ਗੁਰਬਾਣੀ–ਬਾਰੇ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਦੇ। ਵਿਦਿਆਰਥੀ ਅਜਿਹੀ ਅਵਸਥਾ ਨੂੰ ਆਪਣਾ ਦੁਰਭਾਗ ਸਮਝ ਕੇ ਸਬਰ ਕਰ ਲੈਂਦੇ ਹਨ। ਗੁਰਬਾਣੀ ਦੇ ਪ੍ਰੇਮੀ ਸਿੱਖ ਬੱਚੇ ਪਾਠ ਹਿੰਦੀ ਦੇ ਗੁਟਕਿਆਂ ਤੋਂ ਕਰਦੇ ਹਨ, ਇਸ ਲਈ ਉਹ ਗੁਰਬਾਣੀ ਦਾ ਸੁਧ ਉਚਾਰਨ ਨਹੀਂ ਕਰ ਸਕਦੇ, ਗੁਰਬਾਣੀ ਦੀ ਨਿਰਾਦਰੀ ਹੁੰਦੀ ਹੈ। ਪਿੰਡਾਂ ਵਿਚ ਗੁਰਦੁਆਰਿਆਂ ਵਿਚ ਕੋਈ ਪਾਠ ਕਰਨ ਵਾਲਾ ਸੱਜਣ ਨਾ ਹੋਣ ਕਾਰਨ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਦੇ ਰਿਕਾਰਡ ਸੰਝ-ਸਵੇਰੇ ਲਾ ਦਿੱਤੇ ਜਾਂਦੇ ਹਨ।

ਦੂਜੇ ਪਾਸੇ ਜਿਨ੍ਹਾਂ ਸਰਕਾਰੀ ਜਾਂ ਖਾਲਸਾ ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਦਾ ਪ੍ਰਬੰਧ ਹੈ ਉਨ੍ਹਾਂ ਵਿਚ ਟੀਚਰ ਪੰਜਾਬ ਦੇ ਲੋਕ ਲੱਗੇ ਹਨ ਜੋ ਕਿ ਹਰਿਆਣੇ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਮਝ ਮੁਤਾਬਕ ਪੰਜਾਬੀ ਦਾ ਯੋਗ ਗਿਆਨ ਨਹੀਂ ਦੇ ਸਕਦੇ। ਨਤੀਜਾ ਇਹ ਹੁੰਦਾ ਹੈ ਕਿ ਵਿਦਿਆਰਥੀ ਇਮਤਿਹਾਨ ਤਾਂ ਪਾਸ ਕਰ ਲੈਂਦੇ ਹਨ, ਪਰ ਉਨ੍ਹਾਂ ਨੂੰ ਸਹੀ ਰੂਪ ਵਿਚ ਪੰਜਾਬੀ ਅਖਰਾਂ ਦੀ ਪਛਾਣ, ਲਗ ਮਾਤਰ ਕੰਨਾ ਆਦਿ ਦੇ ਉਚਾਰਨ ਬਾਰੇ ਗਿਆਨ ਨਹੀਂ ਹੁੰਦਾ। ਇਹ ਵਿਦਿਆਰਥੀ ਰੁਜ਼ਗਾਰ ਨਾ ਮਿਲਣ ਤੇ ਮਜਬੂਰਨ ਸਹਿਜ ਪਾਠ ਜਾਂ ਅਖੰਡ ਪਾਠ, ਬਿਨਾਂ ਕਿਸੇ ਤੋਂ ਸੰਥਿਆ ਲਿਆਂ ਕਰਨਾ ਆਰੰਭ ਕਰ ਦਿੰਦੇ ਹਨ।

ਹਰਿਆਣੇ ਦੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਲੋੜ ਨੂੰ ਮੁਖ ਰਖ ਕੇ ਹਰਿਆਣੇ ਵਿਚ ਕੁਰਕਸ਼ੇਤਰ ਵਿਸ਼ਵ ਵਿਦਿਆਲੇ ਵਿਚ ਐਮ. ਏ. ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ੧੯੭੯ ਤੋਂ ਕੀਤਾ ਗਿਆ ਹੈ। ਇਥੇ ਵਿਦਿਆਰਥੀਆਂ ਦੀ ਸੰਖਿਆ ਐਮ. ਏ. ਭਾਗ ਪਹਿਲਾ ਤੇ ਦੂਜਾ ਵਿੱਚ ੨੫ ਦੇ ਕਰੀਬ ਹੈ। ੯੫ ਫ਼ੀ ਸਦੀ ਵਿਦਿਆਰਥੀ ਸਿੱਖ ਬੱਚੇ ਹਨ। ਐਮ. ਏ. ਪੰਜਾਬੀ ਦੀ ਪੜ੍ਹਾਈ ਲਈ ਵਿਦਿਆਰਥੀ ਨੂੰ ਗੁਰਬਾਣੀ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ, ਕਿਉਂਕਿ ਗੁਰਮਤ ਸਾਹਿਤ, ਪੰਜਾਬੀ ਸਾਹਿਤ ਦਾ ਇਕ ਵਿਸ਼ੇਸ਼ ਭਾਗ ਹੈ। ਆਮ ਤੌਰ ਤੇ ਸਿੱਖ ਵਿਦਿਆਰਥੀ ਕੇਸਾਂ ਜਾਂ ਦਾੜ੍ਹੀ ਦੀ ਬੇਅਦਬੀ ਕਰਨ ਕਰਕੇ ਪਤਿਤ ਹੁੰਦੇ ਜਾ ਰਹੇ ਹਨ। ਇਥੇ ਹੀ ਬਸ ਨਹੀਂ, ਪ੍ਰੋਫੈਸਰ ਸਜਨ ਵੀ ਦਾੜ੍ਹੀਆਂ ਕੁਤਰਨ ਤੋਂ ਸੰਕੋਚ ਨਹੀਂ ਕਰਦੇ। ਜਦੋਂ



www.AKJ.Org

ਪ੍ਰੋਫੈਸਰ ਸਜਨ ਹੀ ਅਜਿਹੇ ਹੋਣ ਤਾਂ ਉਹ ਵਿਦਿਆਰਥੀਆਂ ਨੂੰ ਕੀ ਸਿਖਿਆ ਦੇ ਸਕਦੇ ਹਨ ?

ਇਥੇ ਪੁਰਾਤਨ ਜਨਮਸਾਖੀ ਕੋਰਸ ਵਿਚ ਲਗੀ ਹੋਈ ਹੈ ਅਤੇ ਜਨਮ ਸਾਖੀਆਂ ਬਾਰੇ ਪ੍ਰੋਫੈਸਰ ਸਾਹਿਬਾਨ ਦੇ ਵਿਚਾਰ ਇਸ ਪ੍ਰਕਾਰ ਹਨ :–

''ਜਨਮ ਸਾਖੀਆਂ ਨਿਰੋਲ ਕਲਪਿਤ, ਝੂਠ ਤੇ ਆਧਾਰਿਤ ਰਚੀਆਂ ਗਈਆਂ ਹਨ। ਇਹ ਗੁਰੂ ਕੇ ਸ਼ਰਧਾਲੂ ਸਿੱਖਾਂ ਵਲੋਂ ਗੁਰੂਆਂ ਨੂੰ ਵਡਿਆ ਕੇ ਉਨ੍ਹਾਂ ਪ੍ਰਤੀ ਸਿੱਖਾਂ ਦੇ ਦਿਲ ਵਿਚ ਸ਼ਰਧਾ ਬਣਾਈ ਰਖਣ ਲਈ, ਗੁਰੂਆਂ ਦੀ ਦਿੱਬਤਾ ਨੂੰ ਉਜਾਗਰ ਕਰਨ ਲਈ ਰਚੀਆਂ ਗਈਆਂ ਹਨ। ਮਰਦਾਨੇ ਦਾ ਭੇਡੂ ਬਣਾਂਉਣਾ, ਕੌੜੇ ਰੀਠੇ ਮਿਠੇ ਕਰਨਾ, ਪੰਜਾ ਸਾਹਿਬ ਗੁਰੂ ਨਾਨਕ ਸਾਹਿਬ ਨੇ ਪੰਜਾ ਲਾਉਣਾ ਆਦਿ ਸਾਰੀਆਂ ਸਾਖੀਆਂ ਸੰਕਟ ਤੋਂ ਹਲ ਤਕ ਦੀ ਯਾਤ੍ਰਾ ਹਨ, ਜੋ ਕਿ ਸਚ ਨਾ ਹੋ ਕੇ ਯਥਾਰਥਕ ਰੂਪ ਵਿਚ ਘੋਰ ਸੰਕਟ ਸਿਰਜਣ ਦੀ ਬਜਾਏ ਸੰਕਟ ਦਾ ਹੱਲ ਕਰਕੇ ਯਥਾਰਥ ਵਿਸਿਰਜਣ ਦਾ ਕੋਝਾ ਯਤਨ ਹਨ।''

ਬੜੇ ਦੁਖ ਦੀ ਗੱਲ ਹੈ ਕਿ ਇਕ ਪਾਸੇ ਤਾਂ ਸਿੱਖ ਵਿਦਿਆਰਥੀ ਕੁਸੰਗਤ ਕਾਰਨ ਸਿੱਖੀ ਤੋਂ ਪਤਿਤ ਹੋ ਰਹੇ ਹਨ ਅਤੇ ਦੂਜੇ ਪਾਸੇ ਅਜਿਹੇ ਲੈਕਚਰ ਸੁਣ ਕੇ ਸਿਖ ਇਤਿਹਾਸ ਤੋਂ ਦੂਰ ਕੀਤੇ ਜਾ ਰਹੇ ਹਨ। ਅਜਿਹੀ ਅਵਸਥਾ ਵਿਚ ਸਿਖ ਵਿਦਿਆਰਥੀਆਂ ਦੀ ਗੁਰਬਾਣੀ ਤੇ ਸਿਖ ਇਤਿਹਾਸ ਪ੍ਰਤੀ ਰਹਿੰਦੀ ਖੁਹਿੰਦੀ ਸ਼ਰਧਾ-ਪਿਆਰ ਵੀ ਖ਼ਤਮ ਹੋ ਜਾਣ ਦਾ ਡਰ ਹੈ।

ਸੋ ਹਰਿਆਣੇ ਵਿਚ ਸਿੱਖੀ ਵਿਰਸੇ ਨੂੰ ਸੰਭਾਲਣ ਦੀ ਅਤੀ ਲੋੜ ਹੈ। ਸਿੱਖ ਬੱਚੇ-ਬੱਚੀਆਂ ਦੀ ਪੜ੍ਹਾਈ ਲਈ ਯੋਗ ਸਾਧਨ ਪੈਦਾ ਕੀਤੇ ਜਾਣੇ ਜ਼ਰੂਰੀ ਹਨ, ਜਿਸ ਸਦਕਾ ਉਹ ਆਪਣੇ ਸੋਮੇ–ਗੁਰਬਾਣੀ ਅਤੇ ਸਿਖ ਇਤਿਹਾਸ–ਨਾਲ ਜੁੜੇ ਰਹਿ ਸਕਣ।

## ਤਾਜਪੁਰ ਸੋਢੀਆਂ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ

ਭਾਈ ਸੁਖਦੇਵ ਸਿੰਘ ਖਾਲਸਾ ਵਸੀਕਾ ਨਵੀਸ ਬੇਨਤੀ ਕਰਦੇ ਹਨ ਕਿ ਤਾਜਪੁਰ ਵਿਖੇ ੧ ਨਵੰਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਦਰਸ਼ਨ ਦੇ ਕੇ ਨਿਵਾਜਣ। ਹੁਸ਼ਿਆਰਪੁਰ–ਦਸੂਹਾ ਰੋਡ ਤੇ ਪਿੰਡ ਤਾਜਪੁਰ ਹੈ। ਹੁਸ਼ਿਆਰਪੁਰ ਬਸ ਸਟੈਂਡ ਪਟਰੋਲ ਪੰਪ ਤੋਂ ਸੰਗਤਾ ਲਈ ਸ਼ਾਮ ਸਤ ਵਜੇ ਟਰੱਕ ਚਲੇਗਾ।

## ਪਿੰਡ ਗਿਲਾਂ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਖਸ਼ੀਸ਼ ਸਿੰਘ ਜੀ ਸੂਚਨਾ ਦਿੰਦੇ ਹਨ ੧੧ ਅਕਤੂਬਰ ਸ਼ਨੀਵਾਰ ਰਾਤ ਨੂੰ ਪਿੰਡ ਗਿਲਾਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ, ਜਲੰਧਰ ਅਡੇ ਤੋਂ ਆਖਰੀ ਬਸ ਸਾਢੇ ਛੇ ਵਜੇ ਚਲਦੀ ਹੈ। ਚੌਕ ਭਗਤ ਸਿੰਘ ਤੋਂ ਸ਼ਾਮ ਨੂੰ ਸੰਗਤਾਂ ਲਈ ਟ੍ਰਾਲੀ ਚਲੇਗੀ।

## ਲੁਧਿਆਣਾ ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਚਰਨ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ੧੪੯–ਐਲ ਮਾਡਲ ਟਾਊਨ, ਨੇੜੇ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ੨੫ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਤੇ ਲਾਹੇ ਭੁੰਚੋ ਜੀ।

## ਮਨੌਲੀ (ਰੋਪੜ) ਵਿਖੇ ਰੈਣ ਸਬਾਈ ਕੀਰਨ

੧੧ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਇਲਾਹੀ ਕੀਰਤਨ ਹੋ ਰਹੇ ਹਨ। ਗੁਰੂ ਪਿਆਰੇ ਗੁਰਸਿਖ ਰੱਬੀ ਕੀਰਤਨ ਦੀਆਂ ਗੂੰਜਾਂ ਪਾਉਣਗੇ। ਆਵੋ ਜੀ ਤੇ ਆਨੰਦ ਮਾਣੋ ਜੀ। ਚੰਡੀਗੜ੍ਹ ੧੭ ਸੈਕਟਰ ਬਸ ਸਟੈਂਡ ਤੋਂ ਸ਼ਾਮ ਨੂੰ ਛੇ ਵਜੇ ਆਖਰੀ ਬਸ ਮਨੌਲੀ ਲਈ ਚਲਦੀ ਹੈ।

ਦਾਸਰੇ–ਅਖੰਡ ਕੀਰਤਨੀ ਜਥਾ ਤਹਿਸੀਲ ਖਰੜ



www.AKJ.Org

## ਹਰਦੁਆਰ ਵਿਖੇ ਗੁਰ-ਅਸਥਾਨ ਦੀ ਸੰਭਾਲ

ਡੋਈਵਾਲਾ (ਡੇਹਰਾਦੂਨ) ਦੇ ਗੁੰਥੀ ਭਾਈ ਜਸਬੀਰ ਸਿੰਘ ਜੀ ਘੋੜੇਵਾਹ ਦੇ ਪ੍ਰੇਮ-ਸੱਦੇ ਤੇ ਛੇ ਸਿੰਘ ਉਥੇ ਪੁਜੇ। ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਸਕੱਤਰ ਤੇ ਮੈਂਬਰਾਂ ਦੇ ਸੋਹਣੇ ਗੁਰਸਿਖੀ ਜੀਵਨ ਦਾ ਮਨ ਤੇ ਚੰਗਾ ਪ੍ਰਭਾਵ ਪਿਆ। ਉਥੋਂ ਦੇ ਤੇ ਆਲੇ ਦੁਆਲੇ ਦੇ ਸਿੰਘਾਂ ਦੇ ਸੋਹਣੇ ਸਰੂਪ, ਪਿਆਰ ਤੇ ਸ਼ਰਧਾ ਭਾਵਨੀ ਵੇਖ ਕੇ ਗਦ ਮਦ ਹੋ ਗਏ। ਹਫਤਾ ਭਰ ਡੋਈਵਾਲਾ ਅਤੇ ਲਾਗਲੇ ਪਿੰਡਾਂ ਵਿਚ ਕੀਰਤਨ ਸਮਾਗਮ ਅਤੇ ਅੰਮ੍ਰਿਤ-ਸਿੰਚਾਰ ਸਮਾਗਮਾਂ ਦੇ ਖ਼ੂਬ ਰੰਗ ਬਝੇ।

ਇਥੋਂ ਹੀ ਸਿੰਘ ਹਰਦੁਆਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਅਸਥਾਨ ਦੀ ਯਾਤਰਾ ਕਰਨ ਗਏ ਜਿਥੇ ਕਿ ਗੁਰੂ ਪਾਤਸ਼ਾਹ ਨੇ ਗੰਗਾ ਦਾ ਪਾਣੀ ਪਛਮ ਵਲ ਛਟ ਕੇ ਪਾਂਡਿਆਂ ਦਾ ਭਰਮ ਤੋੜਿਆ ਸੀ। ਹਰਦੁਆਰ ਜਾ ਕੇ ਪਤਾ ਲਗਾ ਕਿ ਉਹ ਗੁਰ-ਅਸਥਾਨ ਯੂ. ਪੀ. ਸਰਕਾਰ ਨੇ ੧੯੭੭ ਵਿਚ ਜ਼ਬਰਦਸਤੀ ਢਾਹ ਦਿਤਾ ਹੈ। ਉਥੇ ਮਸ਼ਹੂਰ ਇਹ ਕੀਤਾ ਗਿਆ ਹੈ ਕਿ ਅਸਲੀ ਅਸਥਾਨ ਇਹ ਨਹੀਂ, ਹੋਰ ਹੈ। ਤੇ ਉਹ ਅਸਲੀ ਲਭਦਾ ਕੋਈ ਨਹੀਂ। ਸੋ ਪੰਥ ਖਾਲਸਾ ਨੂੰ ਇਸ ਅਸਲੀਅਤ ਨੂੰ ਖੋਜਣ ਲਈ ਛੇਤੀ ਉਪਰਾਲਾ ਕਰਨਾ ਚਾਹੀਦਾ ਹੈ। ਨਹੀਂ ਤਾਂ ਇਹ ਇਤਿਹਾਸ ਦੀ ਕੇਵਲ ਇਕ ਸਾਖੀ ਹੀ ਰਹਿ ਜਾਏਗੀ।

ਦਾਸ—ਗੁਰਦਿਆਲ ਸਿੰਘ, ਰੇਲਵੇ ਗਾਰਡ, ਸ੍ਰੀ ਅੰਮ੍ਰਿਤਸਰ

---

## ਪਿੰਡ ਨੈਨੋਕੋਟ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡ ਪਾਠ

ਵੈਸਾਖੀ ੭੮ ਦੇ ਸ਼ਹੀਦਾਂ ਦੀ ਯਾਦ ਵਿਚ ੧੧ ਅਕਤੂਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੧੦ ਵਜੇ ਤਕ ਕੀਰਤਨ ਹੋਵੇਗਾ, ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਗੁਰਬਾਣੀ ਦੇ ਲਾਹੇ ਪ੍ਰਾਪਤ ਕਰਨ। ਗੁਰਦਾਸਪੁਰ ਤੋਂ ਸ੍ਰੀ ਹਰਿਗੋਬਿੰਦਪੁਰ ਵਾਲੀ ਸੜਕ ਤੇ ਸਠਿਆਲੀ ਪੁਲ ਤੋਂ ਦੋ ਮੀਲ ਤੇ ਨੈਨੋਕੋਟ ਹੈ। ਪੁਛ ਗਿਛ—ਮਾਸਟਰ ਨਿਰੰਜਨ ਸਿੰਘ ਜੀ, ਗੁਰਦਾਸਪੁਰ

---

## ਪਿੰਡ ਘਨੌਰ (ਪਟਿਆਲਾ) ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਭਾਈ ਪਿਆਰਾ ਸਿੰਘ ਜੀ ਜੋਦੜੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਪਿੰਡ ਘਨੌਰ ਵਿਖੇ ੨੫ ਅਕਤੂਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਦੁਪਹਿਰ ਤਕ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ਅਤੇ ਸੇਵਕ ਨੂੰ ਨਿਵਾਜਣ।

---

## ਦਿਆਲਪੁਰ ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਇਤਲਾਹ ਦਿੰਦੇ ਹਨ ਕਿ ੪੪ ਪਿੰਡਾਂ ਦੇ ਕੀਰਤਨ ਪ੍ਰੋਗਰਾਮਾਂ ਉਪਰੰਤ ੪ ਅਕਤੂਬਰ ਸ਼ਨੀਵਾਰ ਨੂੰ ਦਿਆਲਪੁਰ ਵਿਖੇ ਪੰਜਵੇਂ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਦੀਦਾਰ ਬਖਸ਼ਣ।

---

## *ਅਖੰਡ ਕੀਰਤਨੀ ਜਥਾ-ਹਿਸਾਬ ਕਿਤਾਬ*

### ਕੇਂਦਰੀ ਫੰਡ

| | |
|---|---|
| ਸੂਰਾ ਜੁਲਾਈ ੮੦ ਵਿਚ ਬਾਕੀ | ੪੫੫੦-੦੧ |
| ਜਾਨਸੁਖਾਲਾ ਫੰਡ ਦੀ ਬਾਕੀ | ੨੨੬-੨੫ |
| ਸਰਦਾਰਨੀ ਸ਼ਹੀਦ ਹਰੀ ਸਿੰਘ, ਅੰਮ੍ਰਿਤਸਰ | ੫੨-੦੦ |
| ਬੀ: ਕਰਤਾਰ ਕੌਰ ਪਤਨੀ ਹੀਰਾ ਸਿੰਘ | ੧੦੦-੦੦ |
| ਸ: ਕਰਨੈਲ ਸਿੰਘਜੀ, ਅਬੂ ਢਾਬੀ | ੧੧੨੦-੦੦ |
| ਸ: ਆਗਿਆ ਸਿੰਘ ਜੀ, ਕਾਨਪੁਰ | ੫੦੦-੦੦ |
| ਭਾ: ਸਾ: ਈਸ਼ਰ ਸਿੰਘ ਜੀ ਦੇ ਭੋਗ ਸਮੇਂ | ੧੩੯-੨੯ |
| ਬੈਂਕ ਸੂਦ | ੧੭੦-੩੨ |
| ਸ: ਧਿਆਨ ਸਿੰਘ ਜੀ, ਦਿਲੀ | ੬੨-੦੦ |
| ਜੋੜ | ੬੯੧੯-੮੭ |
| ਖਰਚ | ੩੩-੦੦ |
| ਬਾਕੀ | ੬੮੮੬-੮੭ |
| ਖਰਚ—ਛਪਾਈ ਸਰਕੂਲਰ | ੮-੦੦ |
| ਡਾਕ ਖਰਚ | ੨੫-੦੦ |
| ਜੋੜ | ੩੩-੦੦ |

### ਸ਼ਹੀਦੀ ਫੰਡ

| | |
|---|---|
| ਸੂਰਾ ਜੁਲਾਈ ੮੦ ਵਿਚ ਬਾਕੀ | ੫੪੬੧੮-੦੩ |
| ਫੁਟਕਲ | ੪੫-੦੦ |
| ਸ: ਧਰਮਜੀਤ ਸਿੰਘ ਜੀ, ਕਾਨਪੁਰ | ੫੧-੦੦ |
| ਜੋੜ | ੫੪੭੧੪-੦੩ |
| ਖਰਚ | ੫੦੩੭-੧੫ |
| ਬਾਕੀ | ੪੯੬੭੬-੮੮ |

ਖਰਚ—

| | |
|---|---|
| ਅਪੀਲ ਦੇ ਖਰਚਿਆਂ ਲਈ ਵਕੀਲਾਂ ਨੂੰ | ੫੦੦੦-੦੦ |
| ਅਖਬਾਰ ਤਿੰਨ ਮਹੀਨੇ | ੩੭-੧੫ |
| ਜੋੜ ਖਰਚ | ੫੦੩੭-੧੫ |

ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਸ੍ਰੀ ਅੰਮ੍ਰਿਤਸਰ

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ.

ਹੇਠਾਂ ਦਰਜ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਐਫ. ਡੀਆਂ ਦ ਨੰਬਰ ਇਸ ਤਰ੍ਹਾਂ ਹਨ :–

| | | | |
|---|---|---|---|
| 686. ਸ: ਤਰਲੋਕ ਸਿੰਘ ਇੰਫਲ | (ਚਿਟ ਨੰ: 3686) | 987828/838/80 | ਮਿਤੀ 24.9.80 |
| 687. ਸ: ਪੂਰਨ ਸਿੰਘ ਲੁਧਿਆਣਾ | ( ,, ,, 3687) | 987829/839/80 | ,, |
| 688. ਸ: ਬਲਵੰਤ ਸਿੰਘ ਅੰਮ੍ਰਿਤਸਰ | ( ,, ,, 3688) | 987830/840/80 | ,, |
| 689. ਬੀ: ਪਰਮਜੀਤ ਕੌਰ ਜਲੰਧਰ | ( ,, ,, 3689) | 987831/841/80 | ,, |
| 690. ਸ: ਤਾਰਾ ਸਿੰਘ ਕਾਨਪੁਰ | ( ,, ,, 369 ) | 987832/842/80 | ,, |
| 691. ਮਾਸਟਰ ਕੁੰਦਨ ਸਿੰਘ ਸਰਹਾਲੀ | ( ,, ,, 3691) | 987833/843/80 | ,, |
| 692. ਮਿਸਜ਼: ਮਹਿਦਰ ਕੌਰ ਸਿਧੂ | ( ,, ,, 3692) | 987834/844/80 | ,, |
| 693. ਸ: ਜਰਨੈਲ ਸਿੰਘ ਦਿਲੀ | ( ,, ,, 3693) | 987835/845/80 | ,, |

## ਅਮਾਨਤੀ ਲਾਈਫ਼ ਮੈਂਬਰਾਂ ਦੇ ਪਰਦੇਸਾਂ ਲਈ ਰੇਟ

ਯੂ. ਕੇ., ਅਫਰੀਕਾ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

---

**ਰਿਸ਼ਤੇ ਨਾਤੇ :–** ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪਤਰ ਕਰੋ।

ਫਾਰਮ ਨੰ: 118 ਇਕ 25 ਸਾਲਾ ਅੰਮ੍ਰਿਤਧਾਰੀ ਸਿੰਘ, ਕਦ 5'-9", ਬੀ.ਏ. ਪਾਸ ਕਾਰਪੇਂਟਰ ਟਰੇਡ ਵਿਚ I.T.I. ਡਿਪਲੋਮਾ ਪਾਸ, ਫ਼ਰਨੀਚਰ ਦੀ ਦੁਕਾਨ, ਮਾਸਕ ਆਮਦਨ 600/-, ਯੋਗ ਨਾਤੇ ਦੀ ਲੋੜ ਹੈ।

ਫ਼ਾਰਮ ਨੰ: 119 ਇਕ 24 ਸਾਲਾ ਅੰਮ੍ਰਿਧਾਰੀ ਬੀਬੀ, ਕਦ 5 ਫੁਟ, ਸਰਕਾਰੀ ਨੌਕਰੀ, ਮਾਸਕ ਤਨਖਾਹ 500/- ਰੁਪਏ, ਬੀ. ਏ. ਇੰਗਲਿਸ਼ ਤੇ ਮਿਊਜ਼ਿਕ, ਯੋਗ ਸਰਵਿਸਮੈਨ ਵਰ ਦੀ ਲੋੜ ਹੈ।

ਫ਼ਾਰਮ ਨੰ: 120 ਇਕ ਅੰਮ੍ਰਿਤਧਾਰੀ 23 ਸਾਲਾ ਸਿੰਘ, ਕਦ 5'-4" ਮੈਟ੍ਰਿਕ ਗਿਆਨੀ I.T.I. ਸਰਵਿਸ, ਮਾਸਕ 450/- ਜ਼ਿਮੀਦਾਰ ਘਰਾਣੇ ਲਈ ਪੜ੍ਹੀ ਲਿਖੀ ਦਸਤਾਰ ਸੰਜੁਕਤ ਨਾਤੇ ਦੀ ਲੋੜ ਹੈ।

ਫਾਰਮ ਨੰ: 121 ਇਕ ਅੰਮ੍ਰਿਤਧਾਰੀ ਨਿਤਨੇਮਣ ਬੀਬੀ ਕਦ 5'-1", ਡਬਲ ਐਮ. ਏ. ਚੰਗੀ ਕੀਰਤਨੀ, ਲੈਕਚਰਾਰ, ਮਾਸਕ 700/-, ਅਛੀ ਪੋਸਟ ਤੇ ਅੰਮ੍ਰਿਤਧਾਰੀ ਜ਼ਿਮੀਦਾਰ ਵਰ ਦੀ ਲੋੜ ਹੈ।

ਫਾਰਮ ਨੰ: 122 ਇਕ ਅੰਮ੍ਰਿਤਧਾਰੀ 25 ਸਾਲਾ ਸਿੰਘ, ਕਦ 5'-6" ਜੇ. ਬੀ. ਟੀ., ਗਿਆਨੀ ਪਾਸ ਅਧਿਆਪਕ, ਪੇ 550/-, ਜ਼ਿਮੀਦਾਰ ਘਰਾਣੇ ਚੋਂ ਨੌਕਰੀ ਤੇ ਲਗੀ ਜਾਂ ਕਿਸੇ ਹੁਨਰਮੰਦ ਨਾਤੇ ਦੀ ਲੋੜ ਹੈ।

---

## ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ

ਸ਼ਹੀਦਾਂ ਦੇ ਸਸਕਾਰ ਅਸਥਾਨ (ਗੁਰਦਵਾਰਾ ਰਾਮਸਰ ਦੇ ਸਾਹਮਣੇ) ਮਾਸਕ ਰੈਣ ਸਬਾਈ ੨੫ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੀ ਹੈ। ਸੰਗਤਾਂ ਗੁਰਬਾਣੀ ਕੀਰਤਨ ਦੇ ਲਾਹੇ ਪ੍ਰਾਪਤ ਕਰਨ।

---

## ਅਕਾਲੀ ਗੁਰਦਵਾਰਾ, ਨਾਰੰਗਵਾਲ ਵਿਖੇ ਰੈਣ ਸਬਾਈ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਗਰ ਨਾਰੰਗਵਾਲ (ਲੁਧਿਆਣਾ)ਵਿਖੇ ੪ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

---

'ਸੂਰਾ' ਮਾਸਕ ਪੱਤਰ ਦਾ ਹਿਸਾਬ ਕਿਤਾਬ 1973 ਤੋਂ 1980 ਤਕ ਤਿਆਰ ਹੈ। ਚੈਕ ਹੋ ਕੇ ਅਗਲੇ ਪਰਚੇ ਵਿਚ ਛਪੇਗਾ।

www.AKJ.Org

# ਦਿਲੀ ਵਿਖੇ ਮਹਾਨ ਅਦੁਤੀ ਸਾਲਾਨਾ ਅਖੰਡ ਕੀਰਤਨ ਸਮਾਗਮ

## 15 ਅਕਤੂਬਰ ਬੁਧਵਾਰ ਸਵੇਰ ਤੋਂ 19 ਅਕਤੂਬਰ 1980 ਐਤਵਾਰ ਸਵੇਰ ਤਕ

ਸ਼੍ਰੀਮਾਨ ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ ਸਾਰਾ ਜੀਵਨ ਗੁਰੂ ਅਰਪਣ ਕੀਤਾ । ਗੁਰਸਿਖੀ ਆਨ ਸ਼ਾਨ ਨੂੰ ਉਚਿਆਂ ਕਰਨ ਖ਼ਾਤਰ, ਜੀਵਨ ਦਾ ਬਹੁਤਾ ਹਿਸਾ ਕਾਲ-ਕੋਠੜੀਆਂ ਵਿਚ ਕਟਿਆ ਅਤੇ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧੁਰੋਂ ਪਠਾਈ ਗੁਰਸਿਖੀ ਤੇ ਗੁਰਮਤਿ-ਮਰਯਾਦਾ ਨੂੰ ਭੰਗ ਨਾ ਹੋਣ ਦਿਤਾ । ਜੇਲ੍ਹ ਯਾਤਰਾ ਤੋਂ ਪਹਿਲਾਂ ਤੇ ਮਗਰੋਂ "ਕਲਜੁਗ ਮਹਿ ਕੀਰਤਨੁ ਪਰਧਾਨਾ" ਦੇ ਆਸ਼ੇ ਨੂੰ ਗੁਰਸਿਖ ਸੰਗਤਾ ਪ੍ਰਤੀ ਦ੍ਰਿੜ੍ਹਾਇਆ ।

ਭਾਈ ਸਾਹਿਬ ਜੀ ਦੀ ਸੰਗਤ ਕਰਕੇ ਆਪ ਜੀ ਦੀਆਂ ਤੱਤ ਗੁਰਮਤਿ ਰਚਿਤ ਪੁਸਤਕਾਂ ਨੂੰ ਪੜ੍ਹ ਕੇ ਹਜ਼ਾਰਹਾਂ ਤਪਦੀਆਂ ਰੂਹਾਂ ਨੇ ਦਸਮ ਪਾਤਸ਼ਾਹ ਜੀ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ ਆਪਣਾ ਜਨਮ ਸਫਲਾ ਕੀਤਾ ਹੈ । ਸਾਲ ਵਿਚ ਇਕ ਵਾਰੀ ਭਾਈ ਸਾਹਿਬ ਦੁਸਹਿਰੇ ਦੀਆਂ ਛੁਟੀਆਂ ਵਿਚ ਦਿਲੀ ਦਰਸ਼ਨ ਦੇ ਕੇ ਹਫਤਾ ਭਰ ਕੀਰਤਨ ਦੀਆਂ ਧੁਨੀਆਂ ਲਾਂਦੇ ਸਨ । ਸਚੇ ਪਾਤਸ਼ਾਹ ਦੀ ਅਪਾਰ ਕਿਰਪਾ ਦੁਆਰਾ ਇਹ ਸਾਲਾਨਾ ਕੀਰਤਨ ਸਮਾਗਮ ਅਜ ਤਕ ਚੜ੍ਹਦੀਆਂ ਕਲਾਂ ਵਿਚ ਉਸੇ ਤਰ੍ਹਾਂ ਚਲ ਰਹੇ ਹਨ । ਇਸ ਸਾਲ ਇਹ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ । ਸਮੂਹ ਸੰਗਤਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰਨ ਜੀ ।

—ਪ੍ਰੋਗਰਾਮ—

| | ਸਵੇਰੇ ਕੀਰਤਨ ਆਸਾ ਦੀ ਵਾਰ (੫ ਵਜੇ ਅਰੰਭ) | ਸ਼ਾਮ ਸੋਦਰ ਰਹਿਰਾਸ ਤੇ ਕੀਰਤਨ (੭ ਤੋਂ ੯) |
|---|---|---|
| ੧੫ ਅਕਤੂਬਰ | ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈ: ਸਕੂਲ, ਦੇਵ ਨਗਰ | ਸ੍ਰੀ ਗੁਰੂ ਸਿੰਘ ਸਭਾ, ਕਰੋਲ ਬਾਗ |
| ੧੬ ,, | ਗੁਰਦਵਾਰਾ ਰਕਾਬਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੧੭ ,, | ਗੁਰਦਵਾਰਾ ਸੀਸ ਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੧੮ ,, | ਗੁਰਦਵਾਰਾ ਬੰਗਲਾ ਸਾਹਿਬ | ਰੈਣ ਸਬਾਈ ੮ ਵਜੇ ਅਰੰਭ ਰਕਾਬਗੰਜ ਸਾਹਿਬ |

ਅੰਮ੍ਰਿਤ-ਸਿੰਚਾਰ—੧੮ ਅਕਤੂਬਰ ਸ਼ਨੀਵਾਰ ਦਿਨ ਦੇ ਦੋ ਵਜੇ ਗੁਰਦਵਾਰਾ ਰਕਾਬਗੰਜ ਸਾਹਿਬ ਵਿਖੇ ।

ਨਿਵਾਸ ਅਸਥਾਨ—ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ ।

ਪੁਛ ਗਿਛ :—ਨੰਬਰ ਬੀ-2/8, ਪੇਸ਼ਵਾ ਰੋਡ, ਨਵੀਂ ਦਿਲੀ (ਫ਼ੋਨ 345416)

ਦਾਸਰੇ—ਅਖੰਡ ਕੀਰਤਨੀ ਜਥਾ, ਦਿਲੀ

---

# ਆਗਰੇ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ

6 ਨਵੰਬਰ ਵੀਰਵਾਰ ਸ਼ਾਮ ਤੋਂ 9 ਨਵੰਬਰ ਐਤਵਾਰ ਸਵੇਰ ਤਕ ਹੋਣਗੇ । ਵੇਰਵਾ ਅਉਂਦੇ ਪਰਚੇ ਵਿਚ ਵੇਖੋ

---

# ਫ਼ੀਰੋਜ਼ਪੁਰ ਸ਼ਹਿਰ ਵਿਖੇ ਮਹਾਨ ਅਖੰਡ ਕੀਰਤਨ ਸਮਾਗਮ

ਮਾਲਵਾ ਹਾਇਰ ਸੈਕੰਡਰੀ ਸਕੂਲ ਨੇੜੇ ਪੁਰਾਣਾ ਮਾਲਵਾ ਬਸ ਸਟੈਂਡ ਫ਼ੀਰੋਜ਼ਪੁਰ ਸ਼ਹਿਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ 10 ਤੋਂ 12 ਅਕਤੂਬਰ ਨੂੰ ਧੁਰ ਕੀ ਇਲਾਹੀ ਬਾਣੀ ਦੇ ਅਖੰਡਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ । ਪੰਜਾਬ ਭਰ ਤੋਂ ਅਖੰਡ ਕੀਰਤਨੀ ਜਥੇ ਪੁਜ ਕੇ ਰਸ-ਭਿੰਨੇ ਕੀਰਤਨ ਦਵਾਰਾਂ ਸੰਗਤਾਂ ਨੂੰ ਨਿਹਾਲ ਕਰਨਗੇ । ਹੁਮ ਹੁਮਾ ਕੇ ਪੁਜੋ ਤੇ ਲਾਹੇ ਪ੍ਰਾਪਤ ਕਰੋ ।

10 ਅਕਤੂਬਰ ਸਵੇਰੇ 5-30 ਤੋਂ 8-00 ਤਕ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ
11 ਅਕਤੂਬਰ ਸ਼ਾਮ 7-00 ਤੋਂ 10-00 ਅਖੰਡ ਕੀਰਤਨ ਗੁਰਦਵਾਰਾ ਬਾਵਿਆਂ, ਫ਼ੀਰੋਜ਼ਪੁਰ ਸ਼ਹਿਰ ।
12 ਅਕਤੂਬਰ ਸਵੇਰੇ 5-30 ਤੋਂ 9-00 ਭੋਗ ਸ੍ਰੀ ਅਖੰਡਪਾਠ ਤੇ ਆਸਾ ਦੀ ਵਾਰ, ਉਪਰੰਤ ਦੋ ਵਜੇ ਦੁਪਹਿਰ ਤਕ ਅਖੰਡ ਕੀਰਤਨ ।

ਰਿਹਾਇਸ਼ ਦਾ ਪਰਬੰਧ ਖਾਲਸਾ ਹਾਇਰ ਸੈਕੰਡਰੀ ਸਕੂਲ, ਫੀਰੋਜ਼ਪੁਰ ਸ਼ਹਿਰ ਵਿਖੇ ।

ਪੁਛ ਗਿਛ :—ਬਲਵੰਤ ਸਿੰਘ ਖਾਲਸਾ, ਖਾਲਸਾ ਨਿਵਾਸ, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ (ਫੋਨ 2977)

ਦਾਸਰੇ—ਅਖੰਡ ਕੀਰਤਨੀ ਜਥਾ, ਫ਼ੀਰੋਜ਼ਪੁਰ

---

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title : Navketan Press, Amritsar.

www.AKJ.Org